ਮੁੱਲ 35/-

ਭਾਈ ਦਿੱਤ ਸਿੰਘ ਪੱਤ੍ਰਿਕਾ

ਅੰਕ 115 ਸਾਲ 10 6 ਜੁਲਾਈ 2019 (ਮਾਸਿਕ, ਪੰਜਾਬੀ) ਕੁੱਲ ਪੰਨੇ 48



ਪੰਥ ਰਤਨ
ਗਿਆਨੀ ਦਿੱਤ ਸਿੰਘ ਜੀ
21 ਅਪ੍ਰੈਲ 1850 - 6 ਸਤੰਬਰ 1901

ਫਲਸਫੇ ਤੋਂ ਦੂਰ ਹੁੰਦੇ ਜਾ ਰਹੇ ਹਾਂ

ਬਾਬਾ ਨਾਨਕ ਜੀ ਤੇਰਾ 550ਵਾਂ ਪ੍ਰਕਾਸ਼ ਪੁਰਬ ਮਨਾ ਰਹੇ ਹਾਂ।
ਪਰ ਨਾਲ ਹੀ ਤੇਰੇ ਫਲਸਫੇ ਤੋਂ ਅਸੀਂ ਦੂਰ ਹੁੰਦੇ ਜਾ ਰਹੇ ਹਾਂ

ਮੰਨਦੇ ਤਾਂ ਗੁਰੂ ਗ੍ਰੰਥ ਜੀ ਨੂੰ ਹਾਂ ਪਰ ਗੁਰਬਾਣੀ ਨਾਲ ਸਰੋਕਾਰ ਨਹੀਂ
ਸਿੱਖ ਤਾਂ ਤੇਰੇ ਅਖਵਾਉਂਦੇ ਹਾਂ ਪਰ ਤੇਰੀ ਸਿੱਖੀ ਨਾਲ ਪਿਆਰ ਨਹੀਂ
ਤੇਰੇ ਦਿੱਤੇ ਉਪਦੇਸ਼ਾਂ ਦੀਆਂ ਅਸੀਂ ਸ਼ਰੇਆਮ ਧੱਜੀਆਂ ਉਡਾ ਰਹੇ ਹਾਂ
ਪਰ ਨਾਲ ਹੀ ਤੇਰੇ...............।
ਤੂੰ ਇਕ ਅਕਾਲ ਪੁਰਖ ਦਾ ਹੋਕਾ ਦੇਕੇ ਕਰਮ-ਕਾਂਡ ਕੀਤੇ ਸੀ ਰੱਦ ਬਾਬਾ
ਅੱਜ ਉਵੇਂ ਹੀ ਸ਼ਰੇਆਮ ਹੋ ਰਿਹਾ ਤੇ ਸਿੱਖਾਂ ਨੇ ਕਰ ਦਿੱਤੀ ਹੱਦ ਬਾਬਾ
ਬਿਪਰ ਰੀਤਾਂ, ਟੂਣੇ-ਟਾਮਣ, ਵਹਿਮ-ਭਰਮ ਅਸੀਂ ਅੱਜ ਵੀ ਕਰਦੇ ਆ ਰਹੇ ਹਾਂ।
ਪਰ ਨਾਲ ਹੀ ਤੇਰੇ...............।
ਦੇਵੀ ਦੇ ਚਾਲਿਆਂ ਤੇ ਵੀ ਜਾਂਦੇ ਹਾਂ ਨੱਚ-ਨੱਚ ਕੇ ਗੀਤ ਵੀ ਗਾਂਦੇ ਹਾਂ
ਲਾਲ ਮੰਗਦੇ ਹਾਂ ਅਖੌਤੀ ਲਾਲਾਂ ਵਾਲੇ ਤੋਂ ਚਾਦਰਾਂ ਹਰੀਆਂ ਚੜ੍ਹਾਂਦੇ ਹਾਂ
ਲੰਗਰ, ਛਬੀਲਾਂ ਲਾ-ਲਾ ਕੇ ਅਸੀਂ ਆਪਣੀ ਸੋਭਾ ਕਰਵਾ ਰਹੇ ਹਾਂ।
ਪਰ ਨਾਲ ਹੀ ਤੇਰੇ...............।
ਹੁੰਦਾ ਹੈ ਪ੍ਰਚਾਰ ਬੜਾ ਪਰ ਲੋਕੀਂ ਪੱਲੇ ਬੰਨ੍ਹਦੇ ਨਹੀਂ
ਗੁਰੂ ਗ੍ਰੰਥ ਜੀ ਕਹਿੰਦੇ ਗੁਰੂ ਨੇ ਪਰ ਦਿਲੋਂ ਤਾਂ ਗੁਰੂ ਮੰਨਦੇ ਨਹੀਂ
ਫਿਰ ਵੀ ਕੁਝ ਸੇਵਕ ਕਲੌੜੀਏ ਵਰਗੇ, ਜ਼ੋਰ ਬਥੇਰਾ ਲਾ ਰਹੇ ਹਾਂ
ਪਰ ਨਾਲ ਹੀ ਤੇਰੇ ਫਲਸਫੇ ਤੋਂ ਅਸੀਂ ਦੂਰ ਹੁੰਦੇ ਜਾ ਰਹੇ ਤਾਂ

ਪ੍ਰਿੰ: ਨਸੀਬ ਸਿੰਘ 'ਸੇਵਕ'
9465216530

ਅੰਦਰ ਪੜ੍ਹੋ ਸੰਪਾਦਕੀ

ਰੀਸ ਦੀ ਘੜੀਸ !!! ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਪੂਰੀ ਦੁਨੀਆਂ ਦੀਆਂ ਸੰਸਥਾਵਾਂ, ਪੰਜਾਬ ਤੇ ਕੇਂਦਰ ਸਰਕਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਵੱਡੀ ਪੱਧਰ 'ਤੇ ਮਨਾਉਣਗੇ-
ਪਰ ਅਸਲ ਸੰਦੇਸ਼ ਤੋਂ ਦੂਰ ਹੀ ਰਹਿਣਗੇ !!!

ਸਿੱਖ ਰਹਿਤ ਮਰਿਆਦਾ ਬਨਾਮ ਅਜੋਕਾ ਸਿੱਖ

(ਤੀਜੀ ਕਿਸ਼ਤ)

ਪੱਤ੍ਰਿਕਾ ਇੰਟਰਨੈੱਟ 'ਤੇ ਪੜ੍ਹੀ ਜਾ ਸਕਦੀ ਹੈ: http://bhaiditsinghpatrika.blogspot.in/
ਲੇਖਕ ਆਪਣੀਆਂ ਰਚਨਾਵਾਂ ਈ-ਮੇਲ ਦੇ ਭੇਜਣ: bhaiditsinghpatrikachd@gmail.com or bhaiditsinghpatrika@yahoo.com

ਸ੍ਰੀ ਗੁਰੂ ਨਾਨਕ ਦੇਵ ਜੀ



ਚਰਨ ਸੀਚੇਵਾਲ

ਕੂੜ ਦੀ ਕੰਧ ਮਿਟਾਉਣਾ ਏਨਾ ਸੌਖਾ ਨਈਂ,
ਸੱਚਮੁੱਚ ਰੱਬ ਨੂੰ ਪਾਉਣਾ ਏਨਾ ਸੌਖਾ ਨਈਂ।
ਜਿੱਥੇ ਰੱਖੇ ਓਥੇ ਉਹਦੀ ਰਜ਼ਾ ਵਿੱਚ ਰਹਿਣਾ,
ਉਸਦਾ ਸ਼ੁਕਰ ਮਨਾਉਣਾ ਏਨਾ ਸੌਖਾ ਨਈਂ।
ਬਾਲ ਪੜ੍ਹਾਉਂਦਾ ਪਾਂਧਾ ਸਭ ਨੇ ਸੁਣਿਆ ਹੋਣਾ,
ਪਾਂਧੇ ਤਾਈਂ ਪੜ੍ਹਾਉਣਾ ਏਨਾ ਸੌਖਾ ਨਈਂ।
ਸਭ ਕੁਝ ਤੇਰਾ ਤੇਰਾ ਕਹਿ ਕੇ ਲੋੜਵੰਦਾਂ ਨੂੰ,
ਆਪਣੀ ਹੱਟ ਲੁਟਾਉਣਾ ਏਨਾ ਸੌਖਾ ਨਈਂ।
ਮਲਕ ਭਾਗੋ ਜਿਹੇ ਸਾਰੇ ਜਿੱਥੇ ਹੋਵਣ, ਓਥੇ,
ਲਾਲੋ ਨੂੰ ਗਲ ਲਾਉਣਾ ਏਨਾ ਸੌਖਾ ਨਈਂ।
ਜਿਸ ਕੌਡੇ ਦਾ ਦਿਲ ਪੱਥਰ ਦਾ ਬਣਿਆ ਹੋਵੇ,
ਉਸਨੂੰ ਮੋਮ ਬਣਾਉਣਾ ਏਨਾ ਸੌਖਾ ਨਈਂ।
ਜੇ ਕੋਈ ਬਾਬਰ ਜ਼ੁਲਮ ਕਰੇ ਤਾਂ ਉਸ ਵੇਲੇ,
ਖ਼ੂਨ ਦੇ ਸੋਹਲੇ ਗਾਉਣਾ ਏਨਾ ਸੌਖਾ ਨਈਂ।
ਰਾਜੇ ਸ਼ੀਂਹ ਮੁਕੱਦਮ ਕੁੱਤੇ ਜਿੱਥੇ ਕੂੜ ਕਮਾਵਣ,
ਓਥੇ ਹੀ ਜਾ ਸੱਚ ਸੁਣਾਉਣਾ ਏਨਾ ਸੌਖਾ ਨਈਂ।
ਵਲੀਆਂ, ਚੋਰ-ਭੂਮੀਆਂ, ਸੱਜਣ-ਠੱਗਾਂ ਤਾਈਂ,
ਗੁਰਮੁਖ ਤੁਰਤ ਬਣਾਉਣਾ ਏਨਾ ਸੌਖਾ ਨਹੀਂ।
ਮੱਕੇ ਦੇ ਵਿੱਚ ਜਾ ਕੇ ਜੀਵਨ-ਮੀਆਂ ਦਾ ਵੀ,
ਮਨ ਦਾ ਮੱਕਾ ਘੁਮਾਉਣਾ ਏਨਾ ਸੌਖਾ ਨਈਂ।
ਸ਼ਬਦ ਤੇਰੇ ਨੂੰ ਸੁਰ ਕੀਤਾ ਮਰਦਾਨੇ, ਐਪਰ,
ਸੁਰ ਤੇਰੀ ਵਿੱਚ ਗਾਉਣਾ ਏਨਾ ਸੌਖਾ ਨਈਂ।
ਗਿਆਨ ਦੀ ਵਗਦੀ ਗੰਗਾ ਸੁਣਿਆ ਜਪੁਜੀ ਤੇਰੀ,
ਜਪੁ ਵਿੱਚ ਟੁੱਭੀ ਲਾਉਣਾ ਏਨਾ ਸੌਖਾ ਨਈਂ।
ਜਿਸ ਧਰਤੀ ਤੇ ਪੈਰ ਧਰੇ ਉਸ ਧਰਤੀ ਤਾਈਂ,
ਪੂਜਣਯੋਗ ਬਣਾਉਣਾ ਏਨਾ ਸੌਖਾ ਨਈਂ।
ਤੇਰੇ ਵਰਗਾ ਸ਼ਾਇਰ ਕਿਸੇ ਨਈਂ ਬਣ ਜਾਣਾ,
'ਚਰਨ' ਤੇਰੀ ਥਾਹ ਪਾਉਣਾ ਏਨਾ ਸੌਖਾ ਨਈਂ।

9888802323

****

ਨਾਨਕ ਪ੍ਰਕਾਸ਼ ਇਕ ਅਲੌਕਿਕ ਕ੍ਰਿਸ਼ਮਾ



ਜਸਪਾਲ ਸਿੰਘ ਕੰਵਲ

ਕਾਇਨਾਮ ਕੁੱਲ ਬਦਲੀ ਲੱਗਦੀ
ਪੌਣ ਵਜਦਾ ਵਿੱਚ ਝੂਮਦੀ ਵਗਦੀ।
ਕੌਣ ਆਇਆ, ਅੱਜ ਕੌਣ ਆਇਆ?
ਦਹਦਿਸ ਮਹਿਕੇ, ਨੌਂ ਖੰਡ ਰੁਸ਼ਨਾਇਆਂ।
ਧਰਤ ਸੁਹਾਵੀ ਤਾਲ ਸੁਹਾਵੇ,
ਅੰਮ੍ਰਿਤ ਵਰਖਾ ਰੁਣ-ਰੁਣ ਲਾਵੇ।
ਘਰ-ਘਰ ਦੇ ਵਿੱਚ, ਘਟ-ਘਟ ਅੰਦਰ,
ਕਾਸ਼ੀ ਦੇ ਵਿੱਚ ਕਾਅਬੇ ਅੰਦਰ।
ਬਿਨ ਤੇਲ ਬਿਨ ਬੱਤੀ ਦੀਪਕ,
ਇੱਕ ਇਲਾਹੀ ਜਗ ਮਗਾਇਆ।
ਕੌਣ ਆਇਆ, ਅੱਜ ਕੌਣ ਆਇਆ?
ਚਹੁੰ-ਕੁੰਟਾਂ ਸਭ ਨੂਰੋ-ਨੂਰ,
ਚੜ੍ਹਿਆ ਚੱਪੇ-ਚੱਪੇ ਸਰੂਰ।
ਮੁੱਲਾਂ-ਕਾਜ਼ੀ ਕਰਨ ਕਵੇਦਾਂ,
ਪੰਡਿਤਾਂ ਖੋਲ੍ਹੇ, ਵੇਦ ਕਤੇਬਾਂ।
ਅਨਹਦ ਨਾਦ ਅਕਾਸ਼ ਪਤਾਲੋਂ,
ਪਰਵਦਗਾਰ ਨੇ ਆਪ ਵਜਾਇਆ।
ਕੌਣ ਆਇਆ, ਅੱਜ ਕੌਣ ਆਇਆ?
ਤ੍ਰਿਪਤ ਹੋ ਗਈ ਮਾਤਾ ਤ੍ਰਿਪਤਾ,
ਕੁੱਖੋਂ ਪ੍ਰਗਟਿਆ ਇੱਕ ਫ਼ਰਿਸ਼ਤਾ।
ਕਾਲੂ ਮਹਿਤਾ, ਅਨੰਦਿਤ ਦਿਸਦਾ,
ਦੌਲਤਾਂ ਵੇਖੇ ਅਲੌਕਿਕ ਕ੍ਰਿਸ਼ਮਾ।
ਮੂੰਹੋਂ ਕੋਈ ਅਲਫ਼ਾਜ ਨਾ ਨਿਕਲੇ
ਤੱਕਦੀ ਜਾਵੇ ਨਾ ਮਨ ਤ੍ਰਿਪਤਾਇਆ।
ਕੌਣ ਆਇਆ, ਅੱਜ ਕੌਣ ਆਇਆ?
ਕੂੜ ਦੀ ਕਾਲਖ਼ ਬਿਖਰ ਰਹੀਏ,
ਸੱਚ ਦੀ ਲੋਅ ਹੁਣ ਨਿੱਖ਼ਰ ਰਹੀਏ।
'ਕੰਵਲ' ਨਾ ਹਿੰਦੂ ਨਾ ਮੁਸਲਮਾਨ,
ਕਿਰਤ, ਵਿਰਤ, ਸਤਿਨਾਮ ਪਛਾਣ।
ਨਾ ਇਹ ਲੋਕੀ, ਨਾ ਪਰਲੋ ਕੀ,
ਸਤਿਕਰਤਾਰ ਜੈ ਜੈ ਕਾਰ ਕਰਾਇਆ।
ਕੌਣ ਆਇਆ, ਅੱਜ ਕੌਣ ਆਇਆ?
ਦਹਦਿਸ ਮਹਿਕੇ, ਨੌਂ ਖੰਡ ਰੂਨਾਇਆ।

8968968397

****



ਭਾਈ ਦਿੱਤ ਸਿੰਘ ਪੱਤ੍ਰਿਕਾ

ਮੁੱਲ 35/- *ਗਿਆਨੀ ਦਿੱਤ ਸਿੰਘ ਮੈਮੋਰੀਅਲ ਸੁਸਾਇਟੀ (ਰਜਿ:) ਦੀ ਸਰਪ੍ਰਸਤੀ ਅਧੀਨ*

ਅੰਕ 115 • ਸਾਲ 10 • 6 ਜੁਲਾਈ 2019 (ਮਾਸਿਕ,ਪੰਜਾਬੀ) • ਕੁੱਲ ਪੰਨੇ 48

ਤੱਤਕਰਾ

ਰਚਨਾਵਾਂ ਭੇਜਣ ਲਈ ਪਤਾ: ਭਾਈ ਦਿੱਤ ਸਿੰਘ ਪੱਤ੍ਰਿਕਾ # 712, ਅਨੰਦਪੁਰ ਕੰਪਲੈਕਸ, ਕਜਹੇੜੀ, ਯੂ.ਟੀ.ਚੰਡੀਗੜ੍ਹ-160036 ਫੋਨ: 9465216530

ਈ-ਮੇਲ - bhaiditsinghpatrikachd@gmail.com or bhaiditsinghpatrika@yahoo.com

ਪੱਤ੍ਰਿਕਾ ਇੰਟਰਨੈੱਟ 'ਤੇ ਪੜ੍ਹੀ ਜਾ ਸਕਦੀ ਹੈ: http://bhaiditsinghpatrika.blogspot.in/

ਚੰਦਿਆਂ ਦਾ ਵੇਰਵਾ

ਸਮਾਂ	ਦੇਸ਼ 'ਚ	ਵਿਦੇਸ਼ 'ਚ
ਸਾਲਾਨਾ	400/-	$ 70
ਪੰਜ ਸਾਲ	1600/-	$ 350
ਲਾਈਫ ਮੈਂਬਰ	12,000/-	$ 3000

ਮਾਇਆ ਭੇਜਣ ਲਈ ਪਤਾ:- ਭਾਈ ਦਿੱਤ ਸਿੰਘ ਪੱਤ੍ਰਿਕਾ

A/c No. 65139724105, IFSC Code: SBIN0050435swift

ਸਟੇਟ ਬੈਂਕ ਆਫ਼ ਇੰਡੀਆ, ਸ਼ਾਖਾ ਕਜਹੇੜੀ, ਚੰਡੀਗੜ੍ਹ।

ਛਾਪਕ, ਆਰ.ਕੇ. ਸ਼ਰਮਾ ਅਤੇ ਪ੍ਰਕਾਸ਼ਕ ਸ. ਨਸੀਬ ਸਿੰਘ ਸੇਵਕ ਨੇ ਮਾਲਕ ਸ. ਨਸੀਬ ਸਿੰਘ ਸੇਵਕ ਦੇ ਤੌਰ 'ਤੇ ਦੁਰਗਾ ਪ੍ਰਿੰਟ-ਓ-ਪੈਕ ਕਜਹੇੜੀ ਚੰਡੀਗੜ੍ਹ ਫੋਨ: 0172-2667070 ਤੋਂ ਛਪਵਾ ਕੇ 712, ਅਨੰਦਪੁਰ ਕੰਪਲੈਕਸ ਕਜਹੇੜੀ (ਚੰਡੀਗੜ੍ਹ) ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਪ੍ਰਿੰ: ਨਸੀਬ ਸਿੰਘ ਸੇਵਕ

ਰ਼ੀਸ ਦੀ ਘੜੀਸ !!! ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਪੂਰੀ ਦੁਨੀਆਂ ਦੀਆਂ ਸੰਸਥਾਵਾਂ, ਪੰਜਾਬ ਤੇ ਕੇਂਦਰ ਸਰਕਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਵੱਡੀ ਪੱਧਰ 'ਤੇ ਮਨਾਉਣਗੇ- ਪਰ ਅਸਲ ਸੰਦੇਸ਼ ਤੋਂ ਦੂਰ ਹੀ ਰਹਿਣਗੇ !!!



ਪ੍ਰਿੰ: ਨਸੀਬ ਸਿੰਘ ਸੇਵਕ

ਸਿੱਖ ਰਹਿਤ ਮਰਿਆਦਾ ਬਨਾਮ ਅਜੋਕਾ ਸਿੱਖ

550 ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਲੜੀਵਾਰ ਸੰਪਾਦਕੀ ਦੀ ਤੀਜੀ ਕੜੀ ਵਿੱਚ ਕੋਈ 8 ਕੁ ਦਹਾਕੇ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹਿਨੁਮਾਈ ਹੇਠ ਤਿਆਰ ਕੀਤੀ ਗਈ। ਸਿੱਖ ਰਹਿਤ ਮਰਿਆਦਾ ਜੋ ਕਿ ਉਸ ਸਮੇਂ ਦੇ ਸੂਝਵਾਨ ਵਿਦਵਾਨਾਂ ਨੇ ਅਤੀ ਮਿਹਨਤ ਸਦਕਾ ਕੋਈ 14 ਸਾਲਾਂ ਵਿੱਚ ਤਿਆਰ ਕੀਤੀ ਸੀ, ਦੇ ਬਾਰੇ ਵਿਚਾਰਾਂ ਕਰਨੀਆਂ ਹਨ। 21ਵੀਂ ਸਦੀ ਦਾ ਸਿੱਖ ਵਿਦਵਾਨ ਕਈ ਵਿਸ਼ਿਆਂ 'ਤੇ ਅਤੀ ਗੰਭੀਰ ਹੁੰਦਾ ਜਾ ਰਿਹਾ ਹੈ। ਨਤੀਜੇ ਵਜੋਂ ਸਿੱਖ ਰਹਿਤ ਮਰਿਆਦਾ ਰਾਹੀਂ ਤਿਆਰ ਕੀਤੀ ਅਰਦਾਸ ਦੇ ਸ਼ੁਰੂਆਤ, ਪ੍ਰਿਥਮ ਭੌਗਤੀ ਤੇ ਕਿੰਤੂ ਪ੍ਰੰਤੂ ਸ਼ੁਰੂ ਹੋ ਚੁਕੇ ਹਨ ਪਰ ਕਿਉਂਕਿ ਇਹ ਬਹੁਤ ਹੀ ਸੰਵੇਦਨਸ਼ੀਲ ਤੇ ਵੱਡੇ-ਵੱਡੇ ਵਿਦਵਾਨਾਂ ਦੀ ਕਚੀਹਿਰੀ ਵਿੱਚ ਵਿਚਾਰ ਯੋਗ ਹੈ। ਇਸ ਲਈ ਇਸ ਤੋਂ ਹੱਟ ਕੇ ਗੱਲ ਕਰਾਂਗੇ।

ਰਹਿਤ ਮਰਿਆਦਾ ਇਕ ਕਿਸਮ ਦਾ Code of Conduct ਹੈ ਜਿਸ ਦੇ ਮਾਅਨੇ ਹਨ ਇਕ ਅਜੇਹੀ ਬੰਧਨ ਜਿਸ ਨੂੰ ਰਤਾ ਵੀ ਤੋੜਿਆ ਨਹੀਂ ਜਾ ਸਕਦਾ। ਇਸੇ ਤਰ੍ਹਾਂ ਸਿੱਖ ਰਹਿਤ ਮਰਿਆਦਾ ਦੇ ਘਾੜਿਆਂ ਨੇ Code of Conduct ਦੀ ਤਰਜ਼ ਤੇ ਹੀ ਬੇਹੱਦ ਮਿਹਨਤ ਤੇ ਸ਼ਿਦਤ ਨਾਲ ਸਿੱਖ ਰਹਿਤ ਮਰਿਆਦਾ ਤਿਆਰ ਕੀਤੀ ਸੀ। ਅਸਲ ਵਿਸ਼ੇ ਦੀ ਗੱਲ ਕਰਦਿਆਂ ਇਸ ਵਿੱਚ ਕੋਈ ਗਲਤ ਬਿਆਨੀ ਨਹੀਂ ਕਿ ਅਜੋਕੇ ਸਿੱਖ ਨੇ ਇਸ ਨੂੰ ਲਾਂਭੇ ਕਰਕੇ ਆਪਣੇ ਆਪੇ ਅਨੁਸਾਰ ਤੁਰਨ ਦਾ ਰਾਹ ਅਪਣਾ ਲਿਆ ਹੈ। ਜੇ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ ਦੀ ਗੱਲ ਕਰੀਏ ਜੋ ਕਿ ਸਾਡਾ ਰਾਹ ਦਸੇਰਾ ਹਨ, ਦੀ ਵੀ ਰਹਿਤ ਮਰਿਆਦਾ ਵਿੱਚ ਕੁੱਝ ਫਰਕ ਹੈ। ਹੋਰ ਕਈ ਅਜੇਹੇ ਗੁਰੂ ਘਰ ਨੇ ਜਿਥੇ ਇਸ ਰਹਿਤ, ਮਰਿਆਦਾ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਮੁਕਦੀ ਗੱਲ ਇਹ ਕਿ ਬਹੁਤਿਆਂ ਸਿੱਖਾਂ ਵਿੱਚ ਇਹ ਅਰਥਹੀਣ ਹੋ ਚੁੱਕੀ ਹੈ ਜੋ ਚਿੰਤਾ ਦਾ ਵਿਸ਼ਾ ਹੈ। ਇਸ ਦੀਆਂ ਅਨੇਕਾਂ ਉਦਾਹਰਣਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਡੇਰੇਦਾਰਾਂ ਨੇ ਤਾਂ ਆਪਣੀ ਆਪਣੀ ਰਹਿਤ ਮਰਿਆਦਾ ਚਲਾਈ ਹੋਈ ਹੈ।

ਹਰ ਧਰਮ, ਸੁਸਾਇਟੀ, ਦੇਸ਼, ਸੰਸਥਾ ਖੇਤਰ ਆਦਿ ਦੀਆਂ ਆਪਣੀਆਂ-ਆਪਣੀਆਂ ਸੀਮਾਵਾਂ (ਹੱਦਾਂ) ਹੁੰਦੀਆਂ ਹਨ, ਜਿਨ੍ਹਾਂ ਮੁਤਾਬਿਕ ਇਹ ਆਪਣੇ ਕਾਰਜ ਕਰਦੀਆਂ ਹਨ। ਭਾਵ ਇਹ ਕਿ ਇਨ੍ਹਾਂ ਨਾਲ ਸਬੰਧਤ ਲੋਕਾਂ ਨੂੰ ਇਨ੍ਹਾਂ ਹੱਦਾਂ ਨੂੰ ਇਨ-ਬਿਨ ਮੰਨਣਾ ਪੈਂਦਾ ਹੈ। ਸਿੱਖ ਧਰਮ ਜਿਸ ਦੀ ਉਮਰ 550 ਸਾਲ ਹੈ ਤੇ ਅਤੀ ਨਿਵੇਕਲਾ ਅਤੇ ਸਖਤ ਬੰਧਨਾ ਵਾਲਾ ਧਰਮ ਹੈ ਭਾਵ ਇਸ ਦੀਆਂ ਬਹੁਤ ਸਖਤ ਸੀਮਾਵਾਂ ਹਨ। ਪਰ ਅਫਸੋਸ ਕਿ ਅਸੀਂ ਸਿੱਖ ਲੋਕ ਇਨ੍ਹਾਂ ਹੱਦਾਂ ਵਿੱਚ ਰਹਿ ਤਾਂ ਰਹੇ ਹਾਂ ਪਰ ਸਾਡੇ 'ਤੇ ਅੱਜ ਵੀ ਹਜ਼ਾਰਾਂ ਸਾਲ ਘਸੇ ਪਿਟੇ ਬਿਪਰਵਾਦੀ ਰੀਤੀ ਰਿਵਾਜ਼ਾਂ ਭਾਰੂ ਹਨ। ਇਸ 21 ਵੀਂ ਸਦੀ ਵਿੱਚ ਸਮਝਿਆ ਜਾਂਦਾ ਹੈ ਕਿ ਸਿੱਖ ਕੌਮ ਕਾਫੀ ਗਿਆਨਵਾਨ ਹੋ ਗਈ ਹੈ ਪਰ ਜਾਣੇ ਅਣਜਾਣੇ ਇਹ ਕਈ ਅਜੇਹੀਆਂ ਕੁਰੀਤੀਆਂ ਕਰੀ ਜਾ ਰਹੀ ਹੈ ਜੋ ਰਹਿਤ ਮਰਿਆਦਾ ਮੁਤਾਬਿਕ ਨਹੀਂ ਹੈ। ਅਨਪੜ੍ਹ ਦੀ ਤਾਂ ਗੱਲ ਹੀ ਛਡੋ। ਕਈ ਪੜ੍ਹੇ-ਲਿਖੇ ਵੀ ਇਹ ਗਲਤੀਆਂ ਕਰਦੇ ਰਹੇ ਹਨ ਸਵਾਲ ਪੈਦਾ ਹੁੰਦਾ ਹੈ ਆਖਰ ਅਜੇਹਾ ਕਿਉਂ ਹੁੰਦਾ ਹੈ। ਸਿੱਧਾ ਜਵਾਬ ਹੈ ਜਦ ਬਾੜ ਹੀ ਖੇਤ ਨੂੰ ਖਾ ਰਹੀ ਹੈ ਤਾਂ ਸੰਭਾਲ ਕਿਸ ਨੇ ਕਰਨੀ ਹੈ। ਮੁੜ ਕੇ ਮੁਕੰਮਲ ਜਿਮੇਵਾਰੀ ਸ਼੍ਰੋਮਣੀ ਕਮੇਟੀ ਦੀ ਬਣਦੀ ਹੈ। ਇਹ ਪੂਰੀ ਦੁਨੀਆਂ ਦੇ ਸਿੱਖਾਂ ਦੀ ਨੁਮਾਇੰਦਗੀ ਕਰਦੀ ਹੈ ਪਰ ਇਹ ਕਮੇਟੀ ਰਾਜਨੀਤੀਕ ਲੋਕਾਂ ਦੇ ਇਸ਼ਾਰੇ ਤੇ ਚਲਦੀ ਹੈ। ਆਪਣੀ ਮਨਮਰਜ਼ੀ ਨਹੀਂ ਕਰ ਸਕਦੀ।

ਰਾਜਨੀਤੀਕ ਲੋਕਾਂ ਨੇ ਮੈਂਬਰਾਂ ਅਤੇ ਬਾਕੀ ਸਟਾਫ਼ ਨੂੰ ਕਿਸੇ ਨਾ ਕਿਸੇ ਤਰ੍ਹਾਂ ਦਾ ਫਾਇਦਾ ਦਿੱਤਾ ਹੋਇਆ ਹੈ ਜਿਸ ਕਰਕੇ ਉਹ ਵੀ ਇਨ੍ਹਾਂ ਲੋਕਾਂ ਦੀ ਹੀ ਬੋਲੀ ਬੋਲਦੇ ਹਨ। ਮੁਕਦੀ ਗੱਲ ਇਹ ਹੈ ਕਿ ਜੋ ਪ੍ਰਚਾਰ ਅਤੇ ਪ੍ਰਸਾਰ ਦੇ ਕੰਮ ਇਸ ਦੇ ਜਿਮੇਂ ਹਨ ਉਹ ਕਮੇਟੀ ਨਹੀਂ ਕਰ ਰਹੀ। ਕਰੋੜਾਂ ਰੁਪਿਆਂ ਦੀ ਰੋਜ਼ਾਨਾ ਦੀ ਆਮਦਨ ਹੁੰਦੀ ਹੈ ਫਿਰ ਵੀ ਮੁਫਤ ਲਿਟਰੇਚਰ ਨਹੀਂ ਦੇ ਸਕਦੀ। ਹੱਦ ਤਾਂ ਉਦੋਂ ਸਮਝੀ ਜਾਂਦੀ ਹੈ ਜਦੋਂ ਇਸ ਕਮੇਟੀ ਦੇ ਬੈਨਰ ਥੱਲੇ ਅਜੇਹੀਆਂ ਪੁਸਤਕਾਂ ਛਪ ਚੁੱਕੀਆਂ ਹਨ ਜਿਨ੍ਹਾਂ ਵਿੱਚ ਗੁਰੂਆਂ ਦੀ ਘੋਰ ਨਿੰਦਾ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ (ਆਰ.ਐਸ.ਐਸ. ਜੋ ਕਿ ਸਿੱਖੀ ਦਾ ਖੁਰਾ ਖੋਜ ਮਿਟਾਉਣ ਦੀਆਂ ਵਿਉਂਤਾਂ ਘੜੀ ਬੈਠੀ ਹੈ) ਇਸ ਦੀ ਅਧੀਨਗੀ ਕਬੂਲੀ ਹੋਈ ਹੈ। ਆਰ.ਐਸ.ਐਸ. ਦੇ ਬੰਦੇ ਸਿੱਖੀ ਸਰੂਪ ਵਿੱਚ ਇਸ ਕਮੇਟੀ ਵਿੱਚ ਕੰਮ ਕਰ ਰਹੇ ਹਨ। ਹੁਣ ਤਾਂ ਕਈ ਜਥੇਦਾਰ ਵੀ ਕਹਿ ਚੁੱਕੇ ਹਨ ਕਿ ਹਰ ਹੁਕਮ ਨਾਗਪੁਰ ਆਰ.ਐਸ.ਐਸ. ਦੇ ਦਫ਼ਤਰ ਤੋਂ ਆਉਂਦਾ ਹੈ। ਆਰ.ਐਸ.ਐਸ. ਦਾ ਇਕ ਗੁਪਤ ਅਜੰਡਾ ਹੈ ਜੋ ਸਪੋਕਸਮੈਨ (ਪੰਜਾਬੀ ਮੈਗਜ਼ੀਨ ਨੇ) 2003 ਵਿੱਚ ਪ੍ਰਕਾਸ਼ਿਤ ਕੀਤਾ ਸੀ। ਪੜ੍ਹ ਕੇ ਪਤਾ ਚਲ ਜਾਂਦਾ ਹੈ ਕਿ ਕਿਵੇਂ ਉਹ ਸਿੱਖੀ ਖਾਸ ਕਰਕੇ ਸਕੂਲੀ ਬੱਚੇ ਤੋਂ ਲੈ ਕੇ ਨੌਜੁਆਨ ਪੀੜ੍ਹੀ ਨੂੰ ਤਬਾਹ ਕਰਨ ਲਈ ਕੰਮ ਕਰ ਰਹੀ ਹੈ। ਨਸ਼ੇ ਦਾ 7ਵਾਂ ਦਰਿਆ ਇਸੀ ਅਜੰਡੇ ਨੇ ਖੋਦਿਆ ਹੈ। ਫਿਰ ਗੰਭੀਰਤਾ ਨਾਲ ਸੋਚੋ ਕਿ ਇਹ ਸਿੱਖਾਂ ਲਈ ਬਣੀ ਇਹ ਸਰਵੋਤਮ ਸੰਸਥਾ ਸਿੱਖਾਂ ਲਈ ਕਿਹੜਾ ਵਿਸ਼ੇਸ਼ ਕਾਰਜ ਕਰਦੀ ਹੈ। ਇਕ ਕਾਰਜ ਜ਼ਰੂਰ ਕਰ ਰਹੀ ਹੈ ਕਿ ਇਸ ਦਾ ਹਰ ਕਾਰਜ ਦੂਜਿਆਂ ਦੇ ਕਹੇ 'ਤੇ ਕੀਤਾ ਜਾਂਦਾ ਹੈ।

ਖੈਰ ! ਗੱਲ ਰਹਿਤ ਮਰਿਆਦਾ ਦੀ ਚਲ ਰਹੀ ਸੀ। ਢਾਈ ਦਹਾਕੇ ਵਿੱਚ ਬਣਾਈ ਗਈ ਸਮੇਂ ਦੇ ਸੂਝਵਾਨ ਵਿਦਵਾਨਾਂ ਵਲੋਂ ਰਹਿਤ ਮਰਿਆਦਾ ਦੀਆਂ ਧਜੀਆਂ ਤਾਂ ਖੁਦ ਕਮੇਟੀ ਹੀ ਉਡਾ ਰਹੀ ਹੈ। ਸਾਫ ਲਿਖਿਆ ਹੈ ਜੋਤਾਂ ਨਹੀਂ ਜਗਾਉਣੀਆਂ, ਮੂਰਤੀਆਂ ਆਦਿ ਦੀ ਪੂਜਾ ਨਹੀਂ ਕਰਨੀ ਆਦਿ। ਦਰਬਾਰ ਸਾਹਿਬ ਸਮੇਤ, ਹੋਰ ਬਹੁਤ ਸਾਰੇ ਗੁਰਦੁਆਰਿਆਂ ਵਿੱਚ ਜੋਤਾਂ ਜਗਦੀਆਂ ਹਨ ਲੋਕ ਸ਼ਰੇਆਮ ਮੱਥਾ ਟੇਕਦੇ ਹਨ ਪੈਸੇ ਚੜ੍ਹਾਉਂਦੇ ਹਨ। ਬਾਬਾ ਅਟੱਲ ਸਾਹਿਬ ਦੇ ਗੁਰਦੁਆਰੇ ਵਿੱਚ ਮੂਰਤੀਆਂ ਉਕਰੀਆਂ ਹੋਈਆਂ ਹਨ। ਇਹ ਵੀ ਸੱਚ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਤੇ ਦਰਬਾਰ ਸਾਹਿਬ ਦੀ ਮਰਿਆਦਾ ਵੱਖਰੀ-ਵੱਖਰੀ ਹੈ।

ਬਾਬਾਵਾਦ ਤੇ ਡੇਰਾਵਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਭ ਤੋਂ ਵੱਡਾ ਸ਼ਰੀਕ ਬਣਿਆ ਹੋਇਆ ਹੈ ਇਸ ਨੇ ਆਪਣੀਆਂ ਜੜ੍ਹਾਂ ਏਨੀਆਂ ਕੂ ਮਜ਼ਬੂਤ ਕਰ ਰਖੀਆਂ ਹਨ ਕਿ ਇਸ ਕਲਜੁਗ ਵਿੱਚ ਤਾਂ ਪੱਟੀਆਂ ਜਾਣੀਆਂ ਅਤੀ ਮੁਸ਼ਕਲ ਹਨ। ਇਨ੍ਹਾਂ ਦੀ ਆਪਣੀ-ਆਪਣੀ ਰਹਿਤ ਮਰਿਆਦਾ ਹੈ। ਲੋਕੀਂ ਧੜਾ ਧੜ ਇਨ੍ਹਾਂ ਡੇਰਿਆਂ 'ਤੇ ਧਾਰਨਾ ਵਾਲੀ ਕੱਚੀ ਬਾਣੀ ਨੂੰ ਸੁਨਣ ਲਈ ਜਾਂਦੇ ਵੇਖੇ ਜਾ ਸਕਦੇ ਹਨ। ਪਰ ਗੁਰਦੁਆਰਿਆਂ ਵਿੱਚ ਰਾਗਾਂ ਵਾਲਾ ਕੀਰਤਨ ਇਨ੍ਹਾਂ ਨੂੰ ਬੋਰ ਕਰ ਦਿੰਦਾ ਹੈ।

ਸਿੱਖ ਖੁਸ਼ੀ-ਗਮੀ ਦੇ ਸੰਸਕਾਰ ਸਿੱਖ ਰਹਿਤ ਮਰਿਆਦਾ ਅਨੁਸਾਰ ਨਾ ਹੀ ਕਰਦੇ ਹਨ ਨਾ ਹੀ ਕਰਨਗੇ ਕਿਉਂਕਿ ਉਨ੍ਹਾਂ ਤੇ ਸਮਾਜ ਭਾਰੂ ਹੈ। ਸਮਾਜ ਤੋਂ ਉਹ ਵੱਖ ਨਹੀਂ ਹੋ ਸਕਦੇ ਰੀਸ ਦੀ ਘਸੀੜ ਨਾ ਚਾਹੁੰਦੇ ਹੋਏ ਵੀ ਉਨ੍ਹਾਂ ਨੂੰ ਸਮਾਜ ਦੀ ਰੀਤੀ ਅਨੁਸਾਰ ਅਜੇਹੇ ਕਾਰਜ ਕਰਨੇ ਪੈਂਦੇ ਹਨ ਕੋਈ ਸਚਾ ਤੇ ਦਲੇਰ ਸਿੱਖ ਹੀ ਹਿੰਮਤ ਵਿਖਾ ਸਕਦਾ ਹੈ ਪਰ 90-95% ਤਾਂ ਜਿਵੇਂ ਹਿੰਮਤ ਹੀਣੇ ਹਨ।

ਕੁਝ ਕੌੜੇ ਸੱਚ ਜੋ ਮੈਂ ਅੱਖੀ ਦੇਖੇ ਹਨ ਉਹ ਇਹ ਕਿ ਅੱਜ ਇਕੀਵੀਂ ਸਦੀ ਵਿੱਚ ਵੀ ਪੜੇ-ਲਿਖੇ ਪੂਰਨ ਗੁਰਸਿੱਖ ਮਨੋਂ ਪੂਰੀ ਸ਼ਰਧਾ ਰੱਖਦੇ ਹੋਏ ਵੀ ਜਾਣ ਬੁਝ ਜਾਂ ਅਣਜਾਣੇ ਜਾਂ ਬੇਸਮਝੀ ਨਾਲ ਕਈ ਵੱਡੀਆਂ ਭੁਲਾਂ ਕਰਦੇ ਰਹਿੰਦੇ ਹਨ। ਜਿਵੇਂ ਕਿ ਮੇਰਾ ਇਕ ਅਤੀ ਨਜ਼ਦੀਕੀ ਰਿਸ਼ਤੇਦਾਰ ਪੜ੍ਹਿਆ ਲਿਖਿਆ ਸਰਕਾਰੀ ਨੌਕਰੀ ਕਰ ਰਿਹਾ ਲਗਭਗ ਢਾਈ ਦਹਾਕੇ ਤੋਂ ਖਾਲਸਾ ਸਜਿਆ ਹੋਇਆ ਹੈ। ਨਿਤਨੇਮ ਦਾ ਪੱਕਾ ਧਾਰਨੀ ਹੈ, ਉਸ ਨੇ ਆਪਣੇ ਘਰ ਬਚੇ ਦੀ ਖੁਸ਼ੀ ਦਾ ਅਖੰਡ ਪਾਠ ਕਰਵਾਇਆ। ਅਖੰਡ ਪਾਠ ਦਾ ਭੋਗ ਪੈਣ ਸਮੇਂ ਉਸ ਦੀ ਅੰਦਰਲੀ ਹਉਮੈ ਨੇ ਰਹਿਤ ਮਰਿਆਦਾ ਤਹਿਸ-ਨਹਿਸ਼ ਕਰ ਦਿੱਤੀ। ਹੋਇਆ ਇੰਜ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੰਪੂਰਨ ਹੋਇਆ ਤੇ ਗੁਰਬਾਣੀ ਦਾ ਕੀਰਤਨ ਸ਼ੁਰੂ ਹੋ ਗਿਆ। ਜਿਸ ਦੀ ਸਮਾਪਤੀ ਪਿਛੋਂ ਆਪ ਹੀ ਸਾਰੇ ਪਰਿਵਾਰ ਨੇ ਗ੍ਰੰਥੀ ਸਿੰਘਾਂ ਨੂੰ ਬੱਚੇ ਹੱਥੋਂ ਸਿਰੋਪਾ ਦਿਵਾਏ ਅਤੇ ਆਪਸੀ ਪਰਿਵਾਰ ਵਿੱਚ ਸਿਰੋਪੇ ਦਿੱਤੇ ਗਏ। ਮੈਂ ਧੁਰ ਅੰਦਰੋਂ ਹਿੱਲ ਗਿਆ ਤੇ ਅੰਦਰ ਉਨ੍ਹਾਂ ਪਾਸ ਸੁਨੇਹਾ ਵੀ ਭੇਜਿਆ ਪਰ ਸਭ ਵਿਅਰਥ,

ਰਸ਼ਮ ਖਤਮ ਹੋ ਗਈ। ਅਨੰਦ ਸਾਹਿਬ ਦੀਆਂ 6 ਪਾਉੜੀਆਂ ਦੇ ਪਾਠ ਪੜ੍ਹੇ ਗਏ ਉਪਰੰਤ ਅਰਦਾਸ ਹੋ ਗਈ ਪੈਰ ਉਸ ਗੂੜ, ਗਿਆਨੀ ਭਲੇ ਪੁਰਸ਼ 'ਤੇ ਗਲਤੀ ਦਾ ਕੋਈ ਅਹਿਸਾਸ ਆਦਿ ਨਹੀਂ ਦਿਸ ਰਿਹਾ ਸੀ। ਉਸ ਰਿਸ਼ਤੇਦਾਰੀ ਵਿਚੋਂ ਮੈਂ ਸਭ ਤੋਂ ਵੱਡਾ ਬਜ਼ੁਰਗ ਸੀ ਤੇ ਮੇਰੀ ਵੀ ਗੱਲ ਅਣਗੋਲੀ ਕਰ ਦਿੱਤੀ ਗਈ। ਮੈਂ ਸਾਰੇ ਗ੍ਰੰਥੀ ਇਕੱਠੇ ਕਰਕੇ ਉਨ੍ਹਾਂ ਨੂੰ ਪੁਛਿਆ ਕਿ ਤੁਸੀਂ ਆਹ ਜੋ ਸਿਰੋਪੇ ਤੇ ਨਿਕੇ ਲੈਕਚਰ ਦਾ ਕੰਮ ਭੋਗ ਅਤੇ ਅਰਦਾਸ ਦੇ ਵਿਚਕਾਰ ਕੀਤਾ ਹੈ ਕੀ ਉਹ ਠੀਕ ਹੈ? ਉਨ੍ਹਾਂ ਕਿਹਾ ਕਿ ਨਹੀਂ ਪਰ ਨਾਲ ਹੀ ਇਹ ਵੀ ਕਿਹਾ ਕਿ ਸਰਦਾਰ ਜੀ ਉਹ ਕਿਸੇ ਦੀ ਮੰਨਦੇ ਹੀ ਨਹੀਂ। ਮੈਂ ਉਨ੍ਹਾਂ ਨੂੰ ਅੱਗੇ ਤੋਂ ਅਜੇਹਾ ਨਾ ਕਰਨ ਦੀ ਸਲਾਹ ਦਿੱਤੀ ਤੇ ਨਾਲ ਇਹ ਵੀ ਦਸ ਦਿੱਤਾ ਕਿ ਜੇ ਇਹ ਕਾਰਜ ਤੁਸੀਂ ਕਿਤੇ ਪੰਜਾਬ ਵਿੱਚ ਕਰ ਦਿੰਦੇ ਤਾਂ ਤੁਹਾਡੀ ਖੈਰ ਨਹੀਂ ਸੀ।

ਮੇਰਾ ਇਹ ਖਾਸ ਰਿਸ਼ਤੇਦਾਰ ਮੈਥੋਂ 20 ਸਾਲ ਛੋਟਾ ਹੈ ਜਦੋਂ 2010 ਵਿੱਚ ਭਾਈ ਦਿੱਤ ਸਿੰਘ ਪੱਤ੍ਰਿਕਾ ਦਾ ਪਲੇਠਾ ਅੰਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਭਵਨ ਸੈਕਟਰ 28 ਚੰਡੀਗੜ੍ਹ ਵਿੱਚ ਕਰਵਾਇਆ ਸੀ ਤਾਂ ਇਸ ਨੂੰ ਵੀ ਸੱਦਿਆ ਸੀ ਜਦੋਂ ਮੈਂ ਇਸ ਨੂੰ ਬਾਹਰ ਛਡਣ ਜਾ ਰਿਹਾ ਸੀ ਤਾਂ ਗੱਲਾਂ-ਗੱਲਾਂ ਵਿੱਚ ਮੈਨੂੰ ਕਹਿ ਗਿਆ ਕਿ ਤੁਸੀਂ ਇਹ ਕੀ ਕੁੱਤਾ ਕੰਮ ਸ਼ੁਰੂ ਕਰ ਲਿਆ। 2019 ਦੀਆਂ ਵੋਟਾਂ ਦਾ ਮਾਹੌਲ ਸੀ ਉਹ ਮੇਰੇ ਘਰ ਆਇਆ ਹੋਇਆ ਸੀ। ਸਿਆਸਤ ਤੇ ਧਰਮ ਦੀਆਂ ਗੱਲਾਂ ਚਲ ਰਹੀਆਂ ਸਨ। ਉਸ ਨੇ ਦੋ ਚੁਭਵੀਆਂ ਗੱਲਾਂ ਅਤੀ ਭਰੋਸੇ ਨਾਲ ਕਹਿਕੇ ਮੇਰੇ ਦਿਲ ਤੇ ਦਿਮਾਗ ਨੂੰ ਝੰਜੋੜ ਕੇ ਰੱਖ ਦਿੱਤਾ ਪਹਿਲੀ ਗੱਲ ਜੋ ਸੀ ਉਸ ਨੇ ਹਿੱਕ ਠੋਕ ਕੇ ਕਿਹਾ ਕਿ ਜੇ ਸਿੱਖ ਧਰਮ ਅੱਜ ਬੁਲੰਦੀਆਂ ਤੇ ਪਹੁੰਚ ਗਿਆ ਹੈ ਤਾਂ ਸਿਰਫ ਪ੍ਰਕਾਸ਼ ਸਿੰਘ ਬਾਦਲ ਦੀ ਬਦੌਲਤ। ਦੂਜੀ ਗੱਲ ਉਸ ਨੇ ਕਿਹਾ ਕਿ ਸਾਡੇ ਪ੍ਰਧਾਨ ਮੰਤਰੀ ਦੁਨੀਆਂ ਦੇ ਸਭ ਤੋਂ ਇਮਾਨਦਾਰ ਵਿਅਕਤੀ ਹਨ। ਵਿਰੋਧੀ ਪਾਰਟੀਆਂ ਵੋਟਾਂ ਖਾਤਰ ਉਸ ਨੂੰ ਬਦਨਾਮ ਕਰ ਰਹੀਆਂ ਹਨ। ਮੈਂ ਵੋਟ ਵੀ ਮੋਦੀ ਦੇ ਨਾਂ 'ਤੇ ਪਾਈ ਹੈ। ਹਰ ਵਿਅਕਤੀ ਨੂੰ ਆਪਣੀ ਗੱਲ ਕਹਿਣ ਦਾ ਪੂਰਾ-ਪੂਰਾ ਹੱਕ ਮਿਲਿਆ ਹੋਇਆ ਹੈ। ਉਸ ਦੀਆਂ ਉਪਰੋਕਤ ਗੱਲਾਂ ਨੇ ਮੈਨੂੰ ਧੁਰ ਅੰਦਰੋ ਹਿਲਾ ਕੇ ਰੱਖ ਦਿੱਤਾ ਅੱਗੇ ਤੋਂ ਮੈਂ ਉਸ ਦਾ ਫੋਨ ਨੰਬਰ ਹੀ ਬਲੌਕ ਕਰ ਦਿੱਤਾ। ਮੈਨੂੰ ਅੰਦਰੋਂ-ਅੰਦਰ ਉਸ ਨਾਲ ਨਫ਼ਰਤ ਹੋ ਗਈ ਹੈ। ਇਕ ਹੋਰ ਅੱਖੀਂ ਵੇਖੀ ਘਟਨਾ ਮੇਰੇ ਗੁਆਂਢ ਵਿੱਚ ਇਕ ਸਿੱਖ ਪਰਿਵਾਰ ਵਿੱਚ ਲੜਕੇ ਦੇ ਵਿਆਹ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਸ਼ੁਰੂ ਕਰਵਾਇਆ ਜਦੋਂ ਮੈਂ ਮੱਥਾ ਟੇਕਣ ਅੰਦਰ ਵੜਿਆ ਤਾਂ ਅੰਦਰਲਾ ਸੀਨ ਵੇਖ ਕੇ ਮੈਂ ਹੈਰਾਨ ਪ੍ਰੇਸ਼ਾਨ ਹੋ ਗਿਆ ਪਰ ਕਹਿ ਕੁਝ ਨਾ ਸਕਿਆ ਕਿਉਂਕਿ ਬਹੁਤੇ ਹਿੰਦੂ ਪਰਵਾਰ ਬੈਠੇ ਹਨ। ਇਸ ਲਈ ਇਸ ਖੁਸ਼ੀ ਦੇ ਮੌਕੇ ਮੈਂ ਬੋਲਣਾ ਠੀਕ ਨਹੀਂ ਸਮਝਿਆ। ਅੰਦਰ ਸੀਨ ਇਹ ਇਹ ਸੀ ਕਿ ਹਾਲ ਵਿੱਚ ਪਾਠ ਰਖਾਇਆ ਗਿਆ ਸੀ ਵਿਚੇ ਵੱਡਾ ਡਾਇਨਿੰਗ ਟੇਬਲ ਉੱਤੇ ਨਿਕਸੁਕ, ਦੀਵਾਰਾਂ ਤੇ ਪਰਿਵਾਰ ਦੀਆਂ 4-5 ਵੱਡੀਆਂ-ਵੱਡੀਆਂ ਫੋਟੋਆਂ ਲੱਗੀਆਂ ਹੋਈਆਂ ਸਨ। ਬਾਹਰ ਆ ਕੇ ਮੈਂ ਮੁੱਖ ਗ੍ਰੰਥੀ ਨਾਲ ਗੱਲਬਾਤ ਕੀਤੀ ਉਸ ਨੇ ਦਸਿਆ ਕਿ ਮੈਂ ਫੋਟੋਆਂ ਉਤਾਰਨ ਲਈ ਬੜਾ ਜ਼ੋਰ ਪਾਇਆ ਪਰ ਪਰਿਵਾਰ ਮੰਨਿਆਂ ਨਹੀਂ। ਮੈਂ ਉਸ ਨੂੰ ਕਿਹਾ, "ਭਾਈ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਸਭ ਤੋਂ ਜ਼ਰੂਰੀ ਹੈ ਇਸ ਨੂੰ ਹਰ ਹੀਲੇ ਕਾਇਮ ਰਖਿਆ ਜਾਵੇ ਤੇ ਰਹਿਤ ਮਰਿਆਦਾ ਵੀ ਕਾਇਮ ਰੱਖੀ ਜਾਵੇ। ਅਜੇਹੇ ਕੇਸਾਂ ਵਿੱਚ ਬਿਲਕੁਲ ਵੀ ਸਮਝੌਤਾ ਨਹੀਂ ਕਰਨਾ ਚਾਹੀਦਾ। ਉਸ ਨੇ ਮੁਆਫੀ ਮੰਗ ਕੇ ਅੱਗੋਂ ਅਜੇਹੀ ਗੁਸਤਾਖੀ ਨਾ ਕਰਨ ਦਾ ਵਾਅਦਾ ਕੀਤਾ। ਇਹ ਉਦਾਰਣਾਂ ਦੇਣ ਦਾ ਮਤਲਬ ਇਹ ਹੈ ਕਿ ਭਾਵੇਂ ਅਜੇਹੇ ਲੋਕ ਵਿਰੋਧੀ ਤੌਰ 'ਤੇ ਅਜੇਹਾ ਨਹੀਂ ਕਰਦੇ। ਪਰ ਉਨ੍ਹਾਂ ਦੀ ਸੋਚ ਹੀ ਏਨੀ ਕੁ ਹੁੰਦੀ ਹੈ। ਅਜੇਹੇ ਸਮੇਂ ਗ੍ਰੰਥੀਆਂ ਦੀ ਜ਼ਿਮੇਂਵਾਰੀ ਹੁੰਦੀ ਹੈ ਕਿ ਉਨ੍ਹਾਂ ਨੂੰ ਮਜ਼ਬੂਰ ਕਰੇ ਕਿ ਰਹਿਤ ਮਰਿਆਦਾ ਵਿੱਚ ਰਹਿਣ। ਪਿਛਲੇ 40-50 ਸਾਲ ਪਹਿਲਾਂ ਕੁੰਭ, ਨਾਰੀਅਲ, ਜੋਤ ਅਤੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪੰਜ ਗ੍ਰੰਥੀ ਦਾ ਪਾਠ ਵੀ ਕੀਤਾ ਜਾਂਦਾ ਸੀ ਜੋ ਹੁਣ ਲਗਭਗ 90% ਸਮਾਪਤ ਹੋ ਚੁੱਕਾ ਹੈ ਪਰ ਫਿਰ ਵੀ ਕਈ ਧੱਕੇ ਨਾਲ ਕਰਦੇ ਰਹਿੰਦੇ ਹਨ। ਅਜੇਹੇ ਸਮੇਂ ਗ੍ਰੰਥੀ ਸਿੰਘ ਦਾ ਇਹ ਪਹਿਲਾ ਫਰਜ ਬਣਦਾ ਹੈ ਕਿ ਸਬੰਧਤ ਘਰ ਵਾਲੇ ਨੂੰ ਅਜੇਹਾ ਕਰਨ ਤੋਂ ਰੋਕੇ। ਸਾਡਾ ਸਭ ਸਿੱਖਾਂ ਦਾ ਇਹ ਪਹਿਲਾ ਫ਼ਰਜ ਬਣਦਾ ਹੈ ਅਜੇਹੇ ਸਮਿਆਂ ਦੌਰਾਨ ਗੁਰੂ ਗ੍ਰੰਥ ਸਾਹਿਬ ਜੀ ਦਾ ਰਹਿਤ ਮਰਿਆਦਾ ਅਨੁਸਾਰ ਸਤਿਕਾਰ ਕਾਇਮ ਰੱਖਿਆ ਜਾਵੇ।

ਬਾਕੀ ਅਗਲੇ ਮਹੀਨੇ

****

(26 ਜੁਲਾਈ ਪ੍ਰਕਾਸ਼ ਦਿਵਸ)

ਜਿਸ ਡਿਠੈ ਸਭਿ ਦੁਖ ਜਾਇ



ਰਮੇਸ਼ ਬੱਗਾ ਚੋਹਲਾ

ਸਿੱਖ ਧਰਮ ਮਾਨਵੀ ਕਦਰਾਂ-ਕੀਮਤਾਂ ਦੀ ਪਹਿਰੇਦਾਰੀ ਕਰਨ ਦੇ ਨਾਲ-ਨਾਲ ਆਪਸੀ ਪਿਆਰ, ਭਾਈਚਾਰੇ ਅਤੇ ਬਰਾਬਰੀ ਦੀ ਹਮਾਇਤ ਕਰਦਾ ਆ ਰਿਹਾ ਹੈ। ਦਸਾਂ ਗੁਰੂ ਸਾਹਿਬਾਨਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਜੀਵਨ ਸਿੱਖੀ ਦੇ ਤਿੰਨ ਸੁਨਿਹਰੀ ਸਿਧਾਂਤਾ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜੱਪਣ ਨੂੰ ਪਰਨਾਇਆ ਰਿਹਾ ਹੈ। ਇਨ੍ਹਾਂ ਸਿਧਾਂਤਾ ਦੀ ਤਰਜ਼ਮਾਨੀ ਕਰਨ ਵਾਲੀ ਜੀਵਨ-ਜਾਂਚ ਹੀ ਬਾਬੇਕਿਆਂ ਵੱਲੋਂ ਵਡਿਆਈ ਅਤੇ ਸਲਾਹੀ ਜਾਂਦੀ ਰਹੀ ਹੈ। ਸਿੱਖ ਵਿਚਾਰਧਾਰਾ ਇਨ੍ਹਾਂ ਸਿਧਾਂਤਾ ਤੋਂ ਸੱਖਣੇ ਵਿਹਾਰ ਨੂੰ ਨਾ ਸਿਰਫ ਰੱਦ ਹੀ ਕਰਦੀ ਹੈ, ਸਗੋਂ ਸਜ਼ਾ ਦਾ ਭਾਗੀ ਵੀ ਸਮਝਦੀ ਹੈ। ਜਿਵੇਂ ਗੁਰੂ ਸਾਹਿਬ ਦਾ ਫੁਰਮਾਨ ਹੈ :

ਸੋ ਸਿੱਖ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ।

ਆਪਣੈ ਭਾਣੇ ਜੋ ਚਲੇ ਭਾਈ, ਵਿਛੁੜਿ ਚੋਟਾ ਖਾਵੈ।

ਭਾਵ ਜਿਹੜਾ ਵਿਅਕਤੀ ਮਨ ਦੀ ਮਤ ਤਿਆਗ ਕੇ ਗੁਰੂ ਦੀ ਮਤ ਦਾ ਧਾਰਨੀ ਬਣ ਜਾਂਦਾ ਹੈ ਉਸ ਦੇ ਲੋਕ ਤੇ ਪ੍ਰਲੋਕ ਦੋਵੇਂ ਲੇਖੇ ਵਿੱਚ ਲੱਗ ਜਾਂਦੇ ਹਨ। ਪਰ ਜਿਹੜਾ ਵਿਅਕਤੀ ਗੁਰੂ ਦੀ ਗੱਲ ਨੂੰ ਅਣਸੁਣੀ ਕਰਕੇ ਕੇਵਲ ਆਪਣੀ ਸਮਝ ਹੀ ਵਰਤੋਂ ਵਿਚ ਲਿਆਉਂਦਾ ਹੈ ਉਸ ਨੂੰ (ਪ੍ਰਮਾਤਮਾ ਤੋਂ) ਵਿਛੋੜੇ ਦੀਆਂ ਸੱਟਾਂ ਹੀ ਖਾਣੀਆਂ ਪੈਂਦੀਆਂ ਹਨ। ਇਨ੍ਹਾਂ ਸੱਟਾਂ ਤੋਂ ਬਚਣ ਲਈ ਗੁਰੂ ਸਾਹਿਬ ਮਨੁੱਖ ਨੂੰ ਜਿਥੇ ਸਦਾਚਾਰੀ ਜੀਵਨ ਜਿਉਣ ਲਈ ਪ੍ਰੇਰਦੇ ਹਨ ਉਥੇ ਪਰਮ ਨਾਲ ਪ੍ਰੇਮ ਦੀ ਹਾਮੀ ਵੀ ਭਰਦੇ ਹਨ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਰਾਗ ਗਾਉੜੀ, ਸੁਖਮਨੀ, ਪੰਨਾ 266 ਉਪਰ ਤਸਦੀਕ ਕਰਦੇ ਹਨ :

ਸਰਬ ਧਰਮ ਮਹਿ ਸ੍ਰੇਸਟ ਧਰਮੁਜ਼ ਹਰਿ ਕੋ ਨਾਮ ਜਪਿ ਨਿਰਮਲ ਕਰਮੁਜ਼

ਜਿਹੜੇ ਮਨੁੱਖਾਂ ਦੀ ਜੀਵਨ-ਸ਼ੈਲੀ ਇਨ੍ਹਾਂ ਪਾਵਨ ਪੰਕਤੀਆਂ ਦੀ ਅਨੁਸਾਰੀ ਹੋ ਜਾਂਦੀ ਹੈ ਉਹ ਨਾ ਸਿਰਫ ਆਮ ਤੋਂ ਖਾਸ ਹੋ ਜਾਂਦੇ ਹਨ ਸਗੋਂ ਲੋਕਾਈ ਵੱਲੋਂ ਰੱਜ ਕੇ ਸਤਿਕਾਰੇ ਅਤੇ ਪਿਆਰੇ ਵੀ ਜਾਂਦੇ ਹਨ। ਇਨ੍ਹਾਂ ਰਾਹਾਂ ਦੇ ਪਾਂਧੀਆਂ ਦਾ ਜੀਵਨ ਪੰਧ ਬੇਸ਼ੱਕ ਛੁਟੇਰਾ ਹੁੰਦਾ ਹੈ। ਪਰ ਸੇਵਾ, ਸਿਮਰਨ ਤੇ ਸ਼ਰਧਾ ਉਨ੍ਹਾਂ ਨੂੰ ਮੂਹਰਲੀਆਂ ਸਫਾਂ ਵਿੱਚ ਲੈ ਆਉਂਦੀ ਹੈ। ਆਪਣੇ ਗੁਣਾ ਸਦਕਾ, ਉਹ ਗੁਰੂ ਨਾਨਕ ਦੇ ਘਰ ਦੀਆਂ ਵਡਿਆਈਆਂ ਅਤੇ ਪਾਤਸ਼ਾਹੀਆਂ ਦੇ ਪਾਤਰ ਬਣਦੇ ਆ ਰਹੇ ਹਨ। ਇਨ੍ਹਾਂ ਪਾਤਰਾਂ ਵਿੱਚ ਹੀ ਇਕ ਨਾਮ ਹੈ ਗੁਰੂ ਨਾਨਕ ਪਾਤਸ਼ਾਹ ਦੀ ਅੱਠਵੀ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ।

ਦੁਨਿਆਵੀ ਤੌਰ ਤੇ (ਗੁਰੂ) ਹਰਿਕ੍ਰਿਸ਼ਨ ਜੀ ਭਾਵੇਂ ਬਚਪਨ ਦੀਆਂ ਬਰੂਹਾਂ ਤੇ (ਸਵਾ ਕੁ ਪੰਜ ਸਾਲ) ਹੀ ਵਿਚਰ ਰਹੇ ਸਨ ਪਰ ਕੁੱਝ ਵਿਸ਼ੇਸ਼ ਗੁਣਾਂ ਅਤੇ ਸਿੱਖੀ ਦੀ ਸਮਝ ਸਦਕਾ ਗੁਰੂ ਪਿਤਾ ਸ੍ਰੀ ਹਰਿ ਰਾਇ ਸਾਹਿਬ ਨੇ ਉਨ੍ਹਾਂ ਨੂੰ ਗੁਰੂ ਘਰ ਦੀ ਵਡੇਰੀ ਅਤੇ ਉਚੇਰੀ ਜ਼ਿੰਮੇਵਾਰੀ ਸੰਭਾਲ ਦਿਤੀ। ਆਪ ਜੀ ਵੱਲੋਂ ਜਿਥੇ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਗਿਆ ਉਥੇ ਆਪਣੇ ਗੁਰੂ-ਕਾਲ (ਢਾਈ ਕੁ ਸਾਲ) ਵਿੱਚ ਕੁੱਝ ਅਜਿਹੀਆਂ ਪਿਰਤਾਂ ਵੀ ਪਾਈਆਂ ਜਿਨ੍ਹਾਂ ਸਦਕਾ ਰੋਜ਼ਾਨਾ ਸਰਬਤ ਦੇ ਭਲੇ ਲਈ ਕੀਤੀ ਜਾਣ ਵਾਲੀ ਅਰਦਾਸ ਵਿਚ ਉਨ੍ਹਾਂ ਦੇ ਨਾਮ ਦਾ ਜਿਕਰ 'ਜਿਸ ਡਿਠੈ ਸਭਿ ਦੁਖਿ ਜਾਇ' ਕਰਕੇ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ 7 ਜੁਲਾਈ 1656 ਈ: (ਬ੍ਰਿਕਮੀ ਸੰਮਤ 8 ਸਾਵਣ 1713) ਨੂੰ ਪਿਤਾ ਗੁਰੂ ਹਰਿ ਰਾਇ ਜੀ ਅਤੇ ਮਾਤਾ ਕਿਸ਼ਨ ਕੌਰ ਜੀ ਦੇ ਗ੍ਰਹਿ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ। ਪਰ ਭੱਟ ਵਹੀਆਂ ਦੇ ਹਵਾਲੇ ਨਾਲ ਗੁਰੂ ਜੀ ਦਾ ਪੈਦਾਇਸ਼ੀ ਦਿਹਾੜਾ ਸੰਨ 1652 ਦਾ ਦੱਸਿਆ ਗਿਆ ਹੈ।

ਜਿਥੇ ਗੁਰੂ ਹਰਿਕ੍ਰਿਸ਼ਨ ਜੀ ਦੇ ਮੁੱਖੜੇ ਦੀ ਦਿੱਖ ਮਨਾਂ ਨੂੰ ਮੋਹਣਵਾਲੀ ਸੀ, ਉਥੇ ਉਨ੍ਹਾਂ ਦਾ ਹਿਰਦਾ ਵੀ ਅਤਿ ਕੋਮਲ ਸੀ। ਆਪ ਜੀ ਦੇ ਬਚਪਨ ਦਾ ਵਧੇਰੇ ਸਮਾਂ ਗੁਰੂ ਹਰਿ ਰਾਇ ਜੀ ਦੀ ਛਤਰ-ਛਾਇਆ ਹੇਠ ਬਤੀਤ ਹੋਣ ਕਰਕੇ ਆਪ ਜੀ ਦੇ ਸੁਭਾਅ ਅਤੇ ਨਿਭਾਅ ਉਪਰ ਗੁਰੂ ਪਿਤਾ ਦਾ ਕਾਫੀ ਡੂੰਘਾ ਪ੍ਰਭਾਵ ਸੀ। ਇਸ ਪ੍ਰਭਾਵ ਸਦਕਾ ਹੀ (ਗੁਰੂ) ਹਰਿਕ੍ਰਿਸ਼ਨ ਜੀ ਆਈਆਂ ਸੰਗਤਾਂ ਨੂੰ ਲੰਗਰ-ਪਾਣੀ ਛਕਾਉਣ ਦੀ ਸੇਵਾ ਵਿੱਚ ਜੁਟੇ ਰਹਿੰਦੇ ਸਨ।

ਰਾਜਸੀ ਲਾਹਾ ਲੈਣ ਦੀ ਤਾਕ ਵਿਖ ਧੀਰਮੱਲ ਨੇ ਗੁਰੂ ਘਰ ਦੇ

ਖਿਲਾਫ ਉਸ ਵਕਤ ਦੇ ਹਾਕਮ ਔਰੰਗਜ਼ੇਬ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਔਰੰਗਜ਼ੇਬ ਵੀ ਧੀਰਮੱਲ ਦੀਆਂ ਕਈ ਸ਼ਿਕਾਇਤਾਂ ਨੂੰ ਇੱਕ ਕੰਨ ਰਾਹੀਂ ਸੁਣ ਕੇ ਦੂਜੇ ਕੰਨ ਰਾਹੀਂ ਬਾਹਰ ਕੱਢ ਦਿੰਦਾ ਸੀ ਪਰ ਜਦੋਂ ਉਸ ਨੂੰ ਇਸ ਗੱਲ ਦਾ ਇਲਮ ਹੋਇਆ ਕਿ ਸੱਤਵੇ ਪਾਤਸ਼ਾਹ ਸ੍ਰੀ ਹਰਿਰਾਇ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ ਤਾਂ ਉਸ ਨੇ ਗੁਰੂ ਜੀ ਨੂੰ ਦਿੱਲੀ ਆਉਣ ਲਈ ਸੰਮਨ ਭੇਜ ਦਿੱਤੇ। ਸੰਗਤਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਗੁਰੂ ਸਾਹਿਬ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰੀ ਹੋ ਗਏ। ਰਾਜਪੂਤ ਰਾਜਿਆਂ ਦੀ ਸਲਾਹ ਨਾਲ ਬਾਦਸ਼ਾਹ ਨੇ ਗੁਰੂ ਜੀ ਨੂੰ ਦੁਬਾਰਾ ਚਿੱਠੀ ਭੇਜ ਦਿੱਤੀ। ਚਿੱਠੀ ਦੀ ਭਾਸ਼ਾ ਕੁੱਝ ਨਿਮਰ ਅਤੇ ਆਦਰਮਈ ਹੋਣ ਕਰਕੇ ਸਤਵੇਂ ਪਾਤਸ਼ਾਹ ਨੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਨੂੰ ਦਿੱਲੀ ਭੇਜਣ ਦਾ ਨਿਰਣਾ ਲੈ ਲਿਆ। ਕਿਉਂਕਿ ਗੁਰਮਤਿ ਦੇ ਜਾਣਕਾਰ ਹੋਣ ਦੇ ਨਾਲ-ਨਾਲ ਬਾਬਾ ਰਾਮ ਰਾਇ ਹਾਜ਼ਰ-ਜਵਾਬ ਵੀ ਸਨ।

ਜਦੋਂ ਬਾਬਾ ਰਾਮ ਰਾਇ ਨੇ ਦਿੱਲੀ ਜਾ ਕੇ ਔਰੰਗਜ਼ੇਬ ਨਾਲ ਸੰਵਾਦ ਰਚਾਇਆ ਤਾਂ ਉਸ ਦੀ ਦਿਮਾਗਦਾਰੀ ਦਾ ਬਾਦਸ਼ਾਹ ਤੇ ਚੰਗਾ ਪ੍ਰਭਾਵ ਪਿਆ। ਪਰ ਜਦੋਂ ਬਾਦਸ਼ਾਹ ਦੀਆਂ ਖੁਸ਼ੀਆਂ ਹਾਸਲ ਕਰਨ ਖਾਤਿਰ ਰਾਮ ਰਾਇ ਨੇ ਬਾਬੇ ਦੀ ਬਾਣੀ (ਮਿੱਟੀ ਬੇਈਮਾਨ ਦੀ ......) ਤਬਦੀਲ ਕਰ ਦਿੱਤੀ ਤਾਂ ਉਹ ਗੁਰੂ ਨਾਨਕ ਦੇ ਘਰ ਚੋਂ ਦੁਰਕਾਰਿਆ ਗਿਆ। ਉਸ ਦੇ ਇਸ ਨਾਬਖਸ਼ਣਯੋਗ ਗੁਨਾਹ ਬਦਲੇ ਗੁਰੂਪਿਤਾ ਨੇ ਉਸ ਦੇ ਮੱਥੇ ਲੱਗਣ ਤੋਂ ਹੀ ਨਾਂਹ ਕਰ ਦਿੱਤੀ।

ਰਾਮ ਰਾਇ ਦੀ ਇਸ ਨਾਲਾਇਕੀ ਕਾਰਣ ਗੁਰੂ ਹਰਿ ਰਾਇ ਸਾਹਿਬ ਨੇ 1661 ਈ. (ਸੰਮਤ 1918) ਨੂੰ ਆਪਣੇ ਛੋਟੇ ਸਾਹਿਬਜ਼ਾਦੇ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਸਿੱਖ ਕੌਮ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਸਮੇਂ ਉਨ੍ਹਾਂ ਦੀ ਵਰੇਸ ਸਵਾ ਕੁ ਪੰਜ ਸਾਲ ਦੀ ਬਣਦੀ ਸੀ। ਦੁਨਿਆਵੀ ਤੌਰ ਤੇ ਇਹ ਸਮਾਂ ਹਾਣੀਆਂ ਨਾਲ ਖੇਡਣ-ਮੱਲਣ ਦਾ ਸਮਝਿਆ ਜਾਂਦਾ ਹੈ। ਇਸ ਕਰਕੇ ਇਹ ਵਕਤ ਸਿੱਖਾਂ ਦੀ ਸਿਦਕਦਿਲੀ ਅਤੇ ਸ਼ਰਧਾ ਨੂੰ ਪਰਖਣ ਦਾ ਵੀ ਸੀ। ਕਿਉਂਕਿ ਗੁਰੂ ਘਰ ਦੇ ਦੋਖੀ (ਧੀਰਮੱਲੀਏ ਅਤੇ ਰਾਮ ਰਾਈਏ) ਗੁਰੂ ਘਰ ਨੂੰ ਢਾਹ ਲਗਾਉਣ ਲਈ ਸੰਗਤਾਂ ਵਿਚ ਭਰਮ-ਭੁਲੇਖੇ ਪੈਦਾ ਕਰਨ ਦੇ ਕੋਝੇ ਜਤਨ ਕਰ ਰਹੇ ਸਨ। ਪਰ ਇਨ੍ਹਾ ਭਰਮ-ਭੁਲੇਖਿਆਂ ਦੇ ਬਾਵਜੂਦ ਵੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਮਰ ਛੁਟੇਰੀ ਪਰ ਅਕਲ ਵਡੇਰੀ ਦਾ ਸਬੂਤ ਦਿੰਦਿਆਂ ਗੁਰਿਆਈ ਦੀ ਜ਼ਿੰਮੇਵਾਰੀ (1661 ਤੋਂ 1664) ਸਾਬਤ ਕਦਮਾਂ ਨਾਲ ਨਿਭਾਈ।

ਗੁਰੂ ਹਰਿਕ੍ਰਿਸ਼ਨ ਜੀ ਸੇਵਾ ਅਤੇ ਸਿਮਰਨ ਦਾ ਸੁਮੇਲ ਹੋਣ ਦੇ ਨਾਲ-ਨਾਲ ਪਰਉਪਕਾਰੀ ਸੁਭਾਅ ਦੇ ਮਾਲਕ ਵੀ ਸਨ। ਜਿਹੜਾ ਵੀ ਵਿਅਕਤੀ ਉਨ੍ਹਾਂ ਦੇ ਦਰਸ਼ਨ ਕਰ ਲੈਂਦਾ ਸੀ ਉਸ ਦਾ ਜੀਵਨ ਹੀ ਬਦਲ ਜਾਂਦਾ ਸੀ। ਪੇਸ਼ਾਵਰ ਦੀਆਂ ਸੰਗਤਾਂ ਵਿਚ ਇਕ ਜਸਵੰਤ ਰਾਇ ਨਾਮਕ ਚੋਰ ਸੰਗਤਾਂ ਦੀਆਂ ਜੇਬਾਂ ਕੱਟਣ ਦੀ ਨੀਅਤ ਨਾਲ ਘੁਸ ਗਿਆ। ਜਦੋਂ ਗੁਰੂ ਹਰਿਕ੍ਰਿਸ਼ਨ ਦੇ ਸਨਮੁੱਖ ਹੋਇਆ ਤਾਂ ਗੁਰੂ ਸਾਹਿਬ ਦੇ ਮੁਖਾਰਬਿੰਦ ਚੋਂ ਸੁਭਾਵਿਕ ਹੀ ਨਿਕਲ ਗਿਆ :-

'ਚੋਰ ਦੀ ਹਮਾ ਭਰੇ ਨਾ ਕੋਇਜ਼ ਚੋਰ ਕੀਆ ਚੰਗਾ ਕਿਉ ਹੋਇਜ਼

ਇਸ ਮਹਾਂਵਾਕ ਨੂੰ ਸੁਣਦਿਆਂ ਹੀ ਜਸਵੰਤ ਰਾਇ ਦੇ ਨੇਤਰਾਂ ਵਿਚੋਂ ਪਾਣੀ ਆ ਗਿਆ ਅਤੇ ਉਸ ਨੇ ਚੋਰੀ ਤੋਂ ਤੋਬਾ ਕਰ ਲਈ। ਇਸ ਤਰ੍ਹਾਂ ਇਕ ਗੋਂਦਾ ਮਲ ਨਾਂ ਦੇ ਜੁਆਰੀਏ ਨੇ ਦਰਬਾਰ ਵਿਚ ਆ ਕੇ ਗੁਰੂ ਸਾਹਿਬ ਦੇ ਚਰਨ ਫੜ ਲਏ ਅਤੇ ਛੱਡੇ ਹੀ ਨਾ। ਗੁਰਦੇਵ ਨੇ ਕਿਹਾ, ''ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ।'' ਗੋਂਦਾ ਮਲ ਦਾ ਅੰਦਰਲਾ ਮਨ ਹਿਲ ਗਿਆ ਅਤੇ ਉਸ ਨੇ ਹੱਥ ਜੋੜ ਕੇ ਗੁਰੂ ਜੀ ਕੋਲੋਂ ਮੁਆਫੀ ਮੰਗ ਲਈ ਅਤੇ ਅੱਗੇ ਤੋਂ ਬੁਰੀਆਂ ਆਦਤਾਂ ਨੂੰ ਤਿਆਗਣ ਦਾ ਵਾਅਦਾ ਕੀਤਾ।

ਰਾਮ ਰਾਇ ਦੀਆਂ ਸ਼ਿਕਾਇਤਾਂ ਦੇ ਅਸਰ ਕਾਰਣ ਅਤੇ ਕੁੱਝ ਆਪਣੇ ਮਨ ਦੇ ਤੌਖਲੇ ਨੂੰ ਮਿਟਾਉਣ ਖਾਤਿਰ ਉਸ ਵਕਤ ਦੇ ਹਾਕਮ ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾ ਲਿਆ। ਇਸ ਕੰਮ ਲਈ ਉਸ ਨੇ ਇਕ ਖਾਸ ਅਫਸਰ ਮਿਰਜ਼ਾ ਜੈ ਸਿੰਘ ਦੀ ਡਿਊਟੀ ਲਗਾਈ ਜੋ ਗੁਰੂ ਘਰ ਪ੍ਰਤੀ ਕੁੱਝ ਸਤਿਕਾਰਤ ਭਾਵਨਾ ਰੱਖਦਾ ਸੀ।

ਗੁਰੂ ਹਰਿਕ੍ਰਿਸ਼ਨ ਜੀ ਨੇ ਉਸ ਵਕਤ ਦੇ ਕੁੱਝ ਮੁੱਖੀ ਸਿੱਖਾਂ ਭਾਈ ਦਰਗਾਹ ਮੱਲ, ਭਾਈ ਦਿਆਲਾ ਜੀ, ਭਾਈ ਮਨੀ ਸਿੰਘ ਜੀ ਅਤੇ ਕੁੱਝ ਹੋਰ ਸਲਾਹਕਾਰਾਂ ਨਾਲ ਸਲਾਹ ਕੀਤੀ ਤਾਂ ਉਨ੍ਹਾਂ ਨੇ ਦਿੱਲੀ ਜਾਣ ਦੀ ਹਾਮੀ ਭਰ ਦਿੱਤੀ। ਇਸ ਹਾਮੀ ਵਜੋਂ ਗੁਰੂ ਸਾਹਿਬ ਦਿੱਲੀ ਜਾਣ ਲਈ ਰਜ਼ਾਮੰਦ ਤਾਂ ਹੋ ਗਏ ਪਰ ਉਨ੍ਹਾਂ ਨੇ ਦੁਸ਼ਟ ਔਰੰਗਜ਼ੇਬ ਦੇ ਮੱਥੇ ਨਾ ਲੱਗਣ ਦਾ ਫੈਸਲਾ ਵੀ ਸੁਣਾ ਦਿੱਤਾ। ਸੰਗਤਾਂ ਨੇ ਗੁਰੂ ਸਾਹਿਬ ਦੇ ਫੈਸਲੇ ਤੇ ਆਪਣੀ ਮੋਹਰ ਲਗਾ ਦਿੱਤੀ।

ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਦੀ ਸੇਵਾ-ਸੰਭਾਲ ਦਾ ਕੰਮ ਭਾਈ ਭਗਤਾ ਜੀ ਅਤੇ ਸ਼ਰਧਾਵਾਨ ਸਿੱਖਾਂ ਨੂੰ ਸੌਂਪ ਕੇ ਭਾਈ ਗੁਰਬਖਸ਼ ਸਿੰਘ, ਭਾਈ ਮਨੀ ਸਿੰਘ, ਪੰਜਾਬਾ ਮਸੰਦ, ਭਾਈ ਦਿਆਲਾ ਜੀ, ਮੁਨਸ਼ੀ ਸੰਗਤੀਆਂ, ਦੀਵਾਨ ਸਤੀ ਰਾਮ ਅਤੇ ਹੋਰ ਸੰਗਤਾਂ ਸਮੇਤ ਦਿੱਲੀ ਵੱਲ ਨੂੰ ਚੱਲ ਪਏ। ਰਸਤੇ ਵਿਚ ਗੁਰੂ ਹਰਿਕ੍ਰਿਸ਼ਨ ਜੀ ਜਿਥੇ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ-ਦੀਦਾਰੇ ਦੇ ਕੇ ਨਿਹਾਲ ਕਰਦੇ ਜਾ ਰਹੇ ਸਨ, ਉਥੇ ਗੁਰੂ ਨਾਨਕ ਦੇ ਘਰ ਦਾ (ਸਾਂਝੀਵਾਲਤਾ) ਸੰਦੇਸ਼ ਵੀ ਦੇਈ

ਜਾ ਰਹੇ ਸਨ।

ਦਿੱਲੀ ਦਾ ਸਫਰ ਤਹਿ ਕਰਦਿਆਂ ਜਦੋਂ ਗੁਰੂ ਹਰਿਕ੍ਰਿਸ਼ਨ ਜੀ ਪੰਜੋਖਰੇ ਪਹੁੰਚੇ ਤਾਂ ਇਥੋਂ ਦਾ ਇਕ ਹੰਕਾਰੀ ਪੰਡਤ ਸੰਗਤਾਂ ਨੂੰ ਕਹਿਣ ਲੱਗਾ ਕਿ ''ਤੁਹਾਡੇ ਗੁਰੂ ਜੀ ਆਪਣੇ ਆਪ ਨੂੰ ਹਰਿਕ੍ਰਿਸ਼ਨ ਕਹਾਉਂਦੇ ਹਨ। ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ਨੇ ਤਾਂ ਆਪਣੇ ਸਮੇਂ ਵਿਚ ਗੀਤਾ ਲਿਖੀ ਸੀ ਜੇਕਰ ਤੁਹਾਡੇ ਗੁਰੂ ਸੱਚਮੁਚ ਹੀ ਪਹੁੰਚੇ ਹੋਏ ਹਨ ਤਾਂ ਇਕ ਗੀਤਾ ਦੇ ਅਰਥ ਕਰਕੇ ਦਿਖਾ ਦੇਣ।'' ਇਹ ਗੱਲ ਜਦੋਂ ਗੁਰੂ ਸਾਹਿਬ ਕੋਲ ਆਈ ਤਾਂ ਉਨ੍ਹਾਂ ਨੇ ਪੰਡਿਤ ਨੂੰ ਕਿਹਾ ਕਿ ''ਭਾਈ ! ਮੇਰੇ ਅਰਥ ਕਰਨ ਨਾਲ ਹੋ ਸਕਦਾ ਹੈ ਕਿ ਤੇਰੀ ਤਸੱਲੀ ਨਾ ਹੋਵੇ ਤੂੰ ਜੇਕਰ ਗੁਰੂ ਨਾਨਕ ਦੇ ਘਰ ਦੀਆਂ ਬਰਕਤਾਂ ਦਾ ਨਜ਼ਾਰਾ ਤੱਕਣਾ ਹੈ ਤਾਂ ਇਸ ਕਸਬੇ ਦੇ ਕਿਸੇ ਵਿਅਕਤੀ ਨੂੰ ਜਿਸ ਨੂੰ ਤੂੰ ਸਭ ਤੋਂ ਵੱਧ ਮੂਰਖ ਸਮਝਦਾ ਹੈ, ਲੈ ਕੇ ਮੇਰੇ ਕੋਲ ਆ ਜਾ, ਉਹ ਵਿਅਕਤੀ ਹੀ ਤੇਰੇ ਸ਼ੰਕਿਆਂ ਨੂੰ ਨਵਿਰਤ ਕਰ ਦੇਵੇਗਾ।

ਪੰਡਿਤ ਇਕ ਛੱਜੂਨਾਮਕ ਝੀਊਰ ਨੂੰ ਗੁਰੂ ਸਾਹਿਬ ਕੋਲ ਲੈ ਆਇਆ। ਇਹ ਝੀਊਰ ਜਮਾਂਦਰੂ ਗੂੰਗਾ ਸੀ। ਬਾਬੇ ਨਾਨਕ ਦੀ ਰਹਿਮਤ ਸਦਕਾ ਛੱਜੂ ਇਕ ਸੁਲਝੇ ਹੋਏ ਵਿਦਵਾਨ ਵਾਂਗ ਗੀਤਾ ਦੇ ਸਲੋਕਾਂ ਦੇ ਅਰਥ ਕਰਨ ਲੱਗ ਪਿਆ। ਇਸ ਵਰਤਾਰੇ ਨਾਲ ਜਿਥੇ ਪੰਡਿਤ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਉਥੇ ਸ੍ਰੀ ਹਰਿਕ੍ਰਿਸ਼ਨ ਸਾਹਿਬ ਦੇ ਮਾਣ-ਸਤਿਕਾਰ ਵਿੱਚ ਵੀ ਚੋਖਾ ਵਾਧਾ ਹੋ ਗਿਆ।

ਜਦੋਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਪਹੁੰਚੇ ਤਾਂ ਰਾਜਾ ਜੈ ਸਿੰਘ ਸਮੇਤ ਦਿੱਲੀ ਦੀਆਂ ਸੰਗਤਾਂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ। ਉਸ ਨੇ ਗੁਰੂ ਸਾਹਿਬ ਦਾ ਪੜਾਅ ਵੀ ਆਪਣੇ ਮਹੱਲ ਵਿਚ ਹੀ ਕਰਵਾ ਦਿੱਤਾ। ਰਾਜਾ ਜੈ ਸਿੰਘ ਭਾਵੇਂ ਗੁਰੂ ਘਰ ਦਾ ਪ੍ਰੀਤਵਾਨ ਸੀ ਪਰ ਉਸ ਦੀ ਰਾਣੀ ਨੇ ਗੁਰੂ ਨਾਨਕ ਜੋਤ ਨੂੰ ਪਰਖਣ ਦੀ ਠਾਣ ਲਈ। ਉਸ (ਰਾਣੀ) ਨੇ ਅਮੀਰ ਘਰਾਣਿਆਂ ਦੀਆਂ ਕੁੱਝ ਤ੍ਰੀਮਤਾਂ ਨੂੰ ਇਕੱਠਿਆਂ ਕਰ ਲਿਆ ਅਤੇ ਕਹਿਣ ਲੱਗੀ ਕਿ, ''ਜੇਕਰ ਗੁਰੂ ਅੰਤਰਜ਼ਾਮੀ ਹੋਵੇਗਾ ਤਾਂ ਉਹ ਸਿਰਫ ਮੇਰੀ ਹੀ ਗੋਦ ਵਿੱਚ ਬੈਠੇਗਾ।'' ਗੁਰੂ ਸਾਹਿਬ ਬਾਕੀ ਦੀਆਂ ਸਾਰੀਆਂ ਔਰਤਾਂ ਕੋਲੋਂ ਲੰਘ ਕੇ ਰਾਣੀ ਦੀ ਗੋਦ ਵਿੱਚ ਜਾ ਬੈਠੇ। ਰਾਣੀ ਨੇ ਗੁਰੂ ਜੀ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਅਤੇ ਉਸ ਦੀਆਂ ਅੱਖਾਂ ਵਿਚੋਂ ਸ਼ਰਧਾ ਦੇ ਹੰਝੂ ਵਹਿਣ ਲੱਗ ਪਏ।

ਆਪਣੇ ਪਿਤਾ ਗੁਰੂ ਹਰਿ ਰਾਇ ਜੀ ਵਾਂਗ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਵੀ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਆਪ ਜੀ ਦਾ ਵਿਚਾਰ ਸੀ ਕਿ ਔਰੰਗਜ਼ੇਬ ਇਕ ਜ਼ਾਲਮ ਕਿਸਮ ਦਾ ਬਾਦਸ਼ਾਹ ਹੈ ਅਤੇ ਗੁਰੂ ਨਾਨਕ ਦਾ ਘਰ ਕੇਵਲ ਤੇ ਕੇਵਲ ਧਰਮੀ ਬੰਦਿਆਂ ਦੀ ਹੀ ਤਰਫਦਾਰੀ ਕਰਦਾ ਹੈ। ਇਸ ਲਈ ਸਾਡਾ ਅਤੇ ਬਾਦਸ਼ਾਹ ਦਾ ਮਿਲਾਪ ਉਚਿਤ ਨਹੀ ਹੈ। ਇਥੋਂ ਤੱਕ ਕਿ ਬਾਦਸ਼ਾਹ ਨੇ ਗੁਰੂ ਸਾਹਿਬ ਦਾ ਮਨ ਬਦਲਾਉਣ ਹਿੱਤ ਕਈ ਬੇਸ਼ਕੀਮਤੀ ਤੋਹਫੇ ਵੀ ਭੇਜੇ ਪਰ ਸੱਧ ਬਚਨ ਅਟੱਲ ਹੀ ਰਹੇ। ਗੁਰੂ ਜੀ ਨੇ ਫਾਰਸੀ ਲਿਪੀ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਮਾਝ ਕੀ ਵਾਰ ਦਾ ਇਹ ਸਲੋਕ ਵੀ ਔਰੰਗਜ਼ੇਬ ਨੂੰ ਭੇਜਿਆ :-

'ਕਿਆ ਖਾਧੈ ਕਿਆ ਪੈਧੈ ਹੋਇ ਜਾ ਮਨਿ ਨਾਹੀ ਸਚਾ ਸੋਇਙ

ਕਿਆ ਮੇਵਾ ਕਿਆ ਘਿਉ ਗੁੜ ਮਿਠਾ ਕਿਆ ਮੈਦਾ ਕਿਆ ਮਾਸੁਙ

ਕਿਆ ਕਪੜੁ, ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸਙ

ਗੁਰੂ ਹਰਿਕ੍ਰਿਸ਼ਨ ਜੀ ਜਦੋਂ ਦਿੱਲੀ ਪਹੁੰਚੇ ਤਦ ਉਸ ਸਮੇਂ ਉਥੇ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ ਅਤੇ ਮਹਾਂਮਾਰੀ ਦੀ ਸ਼ਕਲ ਧਾਰਨ ਕਰ ਚੁੱਕੀ ਸੀ। ਗੁਰੂ ਸਾਹਿਬ ਨੇ ਇਸ ਬੀਮਾਰੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਦਸਵੰਧ ਦੀ ਮਾਇਆ ਦੀ ਖੁੱਲ੍ਹ ਕੇ ਵਰਤੋਂ ਕੀਤੀ। ਉਨ੍ਹਾਂ ਦੀ ਆਪਣੀ ਉਮਰ ਵੀ ਅਜੇ 8 ਕੁ ਸਾਲ ਦੀ ਹੀ ਸੀ। ਇਸ ਉਮਰ ਵਿਚ ਚੇਚਕ ਦੀ ਮਾਰ ਬਹੁਤ ਜਲਦੀ ਪੈਂਦੀ ਹੈ। ਲੋਕ-ਸੇਵਾ ਦੀ ਪ੍ਰਬਲ ਭਾਵਨਾ ਸਦਕਾ ਗੁਰੂ ਜੀ ਨੇ ਆਪਣੀ ਸਿਹਤ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ। ਸਿੱਟੇ ਵਜੋਂ ਆਪ ਜੀ ਦੀ ਸਿਹਤ ਨੂੰ ਵੀ ਚੇਚਕ ਦੀ ਨਾਮੁਰਾਦ ਬੀਮਾਰੀ ਨੇ ਆਪਣੀ ਜਕੜ ਵਿੱਚ ਲੈ ਲਿਆ। ਤੇਜ਼ਬੁਖਾਰ ਹੋਣ ਕਰਕੇ ਆਪ ਜੀ ਨੂੰ ਆਪਣਾ ਅੰਤਲਾ ਸਮਾਂ ਨਜ਼ਦੀਕ ਆਉਂਦਾ ਦਿਖਾਈ ਦੇਣ ਲੱਗਾ।

ਰਾਜਾ ਜੈ ਸਿੰਘ ਦਾ ਮਹੱਲ ਛੱਡ ਕੇ ਗੁਰੂ ਹਰਿਕ੍ਰਿਸ਼ਨ ਜੀ ਨੇ ਜਮਨਾ ਨਦੀ ਕਿਨਾਰੇ ਇਕ ਖੁੱਲ੍ਹੀ ਥਾਂ ਤੇ ਡੇਰਾ ਜਾ ਲਾਇਆ। ਇਧਰ ਜਦੋਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਆਪਣੇ ਗੁਰੂ ਸਾਹਿਬ ਦੇ ਬੀਮਾਰ ਹੋਣ ਦਾ ਪਤਾ ਲੱਗਾ ਤਾਂ ਉਹ ਭਾਰੀ ਗਿਣਤੀ ਵਿਚ ਜਮਨਾ ਨਦੀ ਕਿਨਾਰੇ ਆਉਣ ਲੱਗੀਆਂ।

ਸੰਗਤਾਂ ਨੂੰ ਸੰਬੋਧਨ ਕਰਕੇ ਆਪ ਜੀ ਨੇ ਕਿਹਾ ਕਿ ਸਰੀਰਾਂ ਦੇ ਮਿਲਾਪ ਥੋੜ੍ਹ-ਚਿਰੇ ਹੁੰਦੇ ਹਨ, ਪਰ ਗੁਰ ਉਪਦੇਸ਼ ਸਦੀਵੀ ਹੁੰਦਾ ਹੈ। ਸੋ ਲੋੜ ਹੈ ਕਿ ਧਰਮ ਦੀ ਕਿਰਤ ਕਰਦਿਆਂ ਗੁਰ ਉਪਦੇਸ਼ ਨੂੰ ਅਪਨਾਉਣ ਅਤੇ ਕਮਾਉਣ ਦੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਸੰਗਤਾਂ ਨੂੰ ਇਹ ਇਸ਼ਾਰਾ ਕਰ ਦਿੱਤਾ ਕਿ ਗੁਰੂ ਨਾਨਕ ਦੇ ਘਰ ਦਾ ਨੌਵਾਂ ਵਾਰਿਸ (ਗੁਰੂ) ਬਾਬੇ ਬਕਾਲੇ ਵਿਚ ਰਹਿੰਦਾ ਹੈ। ਅਖੀਰ 30 ਮਾਰਚ 1664 ਈ (ਸੰਮਤ 1721) ਨੂੰ ਗੁਰੂ ਜੀ ਜਮਨਾ ਦੇ ਕੰਢੇ ਜੋਤੀ ਜੋਤ ਸਮਾ ਗਏ।

09463132719

****

ਸ਼ਹੀਦਾਂ ਦੇ ਸਰਤਾਜ : ਸ੍ਰੀ ਗੁਰੂ ਅਰਜਨ ਦੇਵ ਜੀ

ਡਾ. ਅੰਮ੍ਰਿਤ ਕੌਰ
ਰਿਟਾ: ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਿੱਖ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ (1563-1606) ਨੇ 30 ਮਈ, 1606 ਈ. ਨੂੰ ਜੇਠ ਮਹੀਨੇ ਦੀ ਕੜਕਦੀ ਗਰਮੀ ਵਿਚ ਉੱਬਲਦੀ ਦੇਗ਼ ਵਿਚ ਬੈਠ ਕੇ, ਤੱਤੀ ਤਵੀ 'ਤੇ ਆਸਣ ਲਾ ਕੇ, ਨਾਲ ਭਖਦੀ ਰੇਤ ਕੋਮਲ ਸਰੀਰ 'ਤੇ ਪਵਾ ਕੇ ਸ਼ਹੀਦਾਂ ਦੇ ਇਤਿਹਾਸ ਵਿਚ ਇਕ ਅਜਿਹੇ ਕਾਂਡ ਦੀ ਰਚਨਾ ਕੀਤੀ ਜਿਸ ਕਰਕੇ ਆਪ ਨੂੰ ਸ਼ਹੀਦਾਂ ਦੇ ਸਰਤਾਜ ਕਿਹਾ ਜਾਂਦਾ ਹੈ। ਆਪ ਨੇ ਸਾਰੀ ਮਨੁੱਖਤਾ ਨੂੰ ਆਪਣਾ ਧਰਮ ਮੰਨਣ ਦੀ ਅਜ਼ਾਦੀ ਦਿਵਾਉਣ ਲਈ ਇਹ ਸ਼ਹੀਦੀ ਪਾਈ। ਆਪ ਸਿੱਖਾਂ ਦੇ ਪੰਜਵੇਂ ਗੁਰੂ ਸਾਹਿਬ ਹਨ। ਆਪ ਦਾ ਜਨਮ ਵੈਸਾਖ ਵਦੀ 7, ਸੰਮਤ 1620 ਅਰਥਾਤ 15 ਅਪ੍ਰੈਲ 1563 ਨੂੰ ਗੋਇੰਦਵਾਲ ਸਾਹਿਬ, ਜ਼ਿਲ੍ਹਾ ਤਰਨ ਤਾਰਨ ਵਿਖੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ ਹੋਇਆ। ਆਪ ਭਾਈ ਜੇਠਾ ਜੀ ਜੋ ਕਿ ਬਾਅਦ ਵਿਚ ਚੌਥੇ ਗੁਰੂ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਤੌਰ 'ਤੇ ਸੁਸ਼ੋਭਤ ਹੋਏ, ਦੇ ਤੀਸਰੇ ਅਤੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਦੇ ਮਾਤਾ ਜੀ ਬੀਬੀ ਭਾਨੀ ਜੀ ਤੀਸਰੇ ਗੁਰੂ ਸਾਹਿਬ ਸ੍ਰੀ ਗੁਰੂ ਅਮਰ ਦਾਸ ਜੀ ਦੀ ਸਪੁੱਤਰੀ ਸਨ। ਸ੍ਰੀ ਗੁਰੂ ਅਮਰ ਦਾਸ ਜੀ ਨੇ ਤਾਂ ਆਪਣੇ ਇਸ ਹੋਣਹਾਰ ਦੋਹਤਰੇ ਦੇ ਸੰਤ ਸਰੂਪ ਨੂੰ ਪਹਿਲਾਂ ਹੀ ਅਨੁਭਵ ਕਰ ਲਿਆ ਸੀ ਤੇ ਕਿਹਾ ਸੀ "ਦੋਹਿਤਾ ਬਾਣੀ ਦਾ ਬੋਹਿਥਾ"। ਇਨ੍ਹਾਂ ਸ਼ਬਦਾਂ ਦਾ ਭਾਵ ਇਹ ਹੈ ਕਿ ਉਹ ਗੁਰੂ ਬਣ ਕੇ ਲੋਕਾਂ ਨੂੰ ਸੰਸਾਰ ਸਾਗਰ ਤੋਂ ਪਾਰ ਉਤਾਰਨ ਲਈ ਬਹੁਤ ਸਾਰੀ ਬਾਣੀ ਰਚਣਗੇ। ਇਹ ਭਵਿਖਬਾਣੀ ਠੀਕ ਸਿੱਧ ਹੋਈ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਹੁਤ ਸਾਰੀ ਬਾਣੀ ਰਚੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਉਮਰ ਦੇ ਪਹਿਲੇ 11 ਸਾਲ ਗੋਇੰਦਵਾਲ ਸਾਹਿਬ ਵਿਖੇ ਹੀ ਗੁਜ਼ਾਰੇ। ਆਪ ਸੁਰਤ ਸੰਭਾਲਦਿਆਂ ਹੀ ਆਪਣੇ ਪਿਤਾ ਸ੍ਰੀ ਗੁਰੂ ਰਾਮ ਦਾਸ ਜੀ ਨੂੰ ਮੁਕਤੀ-ਦਾਤਾ ਗੁਰੂ ਸਮਝ ਕੇ ਉਨ੍ਹਾਂ ਦੀ ਸੇਵਾ ਕਰਨ ਅਤੇ ਉਨ੍ਹਾਂ ਦੀ ਆਗਿਆ ਦਾ ਪਾਲਣ ਕਰਨ ਲੱਗ ਪਏ। 16 ਸਾਲ ਦੀ ਉਮਰ ਵਿਚ ਆਪ ਜੀ ਦਾ ਵਿਆਹ ਪਿੰਡ ਮਉ, ਜ਼ਿਲ੍ਹਾ ਜਲੰਧਰ ਦੇ ਵਸਨੀਕ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁਤਰੀ ਬੀਬੀ ਗੰਗਾ ਦੇਵੀ ਜੀ ਨਾਲ ਹੋ ਗਿਆ। ਆਪ ਦੇ ਘਰ ਇਕ ਸਪੁੱਤਰ ਨੇ ਜਨਮ ਲਿਆ, ਜਿਨ੍ਹਾਂ ਦਾ ਨਾਮ ਆਪ ਨੇ ਹਰਿਗੋਬਿੰਦ ਸਾਹਿਬ ਰੱਖਿਆ ਜੋ ਕਿ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਣੇ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੋ ਵੱਡੇ ਭਰਾ ਪ੍ਰਿਥੀ ਚੰਦ ਤੇ ਮਹਾਂ ਦੇਵ ਜੀ ਸਨ। ਗੁਰੂ ਘਰ ਦੇ ਪ੍ਰਬੰਧ ਦਾ ਬਹੁਤਾ ਕੰਮ ਪ੍ਰਿਥੀ ਚੰਦ ਨੇ ਆਪਣੇ ਹੱਥਾਂ ਵਿਚ ਲਿਆ ਹੋਇਆ ਸੀ। ਉਹ ਆਪਣੇ ਆਪ ਨੂੰ ਗੱਦੀ ਦਾ ਹੱਕਦਾਰ ਸਮਝਦਾ ਸੀ। ਉਸਦੇ ਮਨ ਵਿਚ ਇਹ ਗੱਲ ਸੀ ਕਿ ਮੈਂ ਵੱਡਾ ਪੁੱਤਰ ਹਾਂ ਤੇ ਗੱਦੀ ਦਾ ਹੱਕਦਾਰ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ ਹੱਕਦਾਰ ਤਾਂ ਗੁਣਵਾਨ ਨੇ ਹੀ ਹੋਣਾ ਸੀ ਕਿਉਂਕਿ ਆਪ ਬਚਪਨ ਤੋਂ ਹੀ ਧਾਰਮਕ ਬਿਰਤੀ ਵਾਲੇ ਸਨ। ਆਪ ਦੀ ਰੂਹਾਨੀ ਸ਼ਕਤੀ ਨੂੰ ਮੁੱਖ ਰਖਦੇ ਹੋਏ ਆਪ ਦੇ ਪਿਤਾ ਸ੍ਰੀ ਗੁਰੂ ਰਾਮ ਦਾਸ ਜੀ ਨੇ ਸਤੰਬਰ 1, 1581 ਨੂੰ ਪਰਲੋਕ ਸਿਧਾਰਨ ਤੋਂ ਪਹਿਲਾਂ ਆਪ ਨੂੰ ਗੁਰੂ ਦੀ ਪਦਵੀ ਸੌਂਪ ਦਿੱਤੀ।

ਆਪ ਨੇ ਗੁਰੂ ਦੀ ਪਦਵੀ ਸੰਭਾਲਣ ਤੋਂ ਬਾਅਦ ਅੰਮ੍ਰਿਤਸਰ ਵਾਲੇ ਅਸਥਾਨ 'ਤੇ ਆਪਣੀ ਪੱਕੀ ਰਿਹਾਇਸ਼ ਰੱਖ ਲਈ। ਸ੍ਰੀ ਗੁਰੂ ਰਾਮ ਦਾਸ ਜੀ ਨੇ ਜੋ ਸਰੋਵਰ ਬਣਾਉਣ ਦਾ ਕੰਮ ਸ਼ੁਰੂ ਕੀਤਾ ਸੀ ਉਸਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ ਅਤੇ ਉਸ ਦੇ ਕੇਂਦਰ ਵਿਚ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ। ਸੰਗਤਾਂ ਨੇ ਤਨ, ਮਨ ਤੇ ਧਨ ਨਾਲ ਸੇਵਾ ਸ਼ੁਰੂ ਕਰ ਦਿੱਤੀ। ਪ੍ਰਿਥੀ ਚੰਦ ਨੇ ਕਾਰ ਸੇਵਾ ਦੇ ਰਾਹ

ਵਿਚ ਰੋੜੇ ਅਟਕਾਉਣ ਦਾ ਬਹੁਤ ਯਤਨ ਕੀਤਾ। ਬਾਹਰੋਂ ਆਈ ਮਾਇਆ ਨੂੰ ਉਹ ਗੁਰੂ ਸਾਹਿਬ ਤਕ ਅਪੜਨ ਤੋਂ ਪਹਿਲਾਂ ਹੀ ਸਾਂਭ ਲੈਂਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਰਥਕ ਔਕੜਾਂ ਦਾ ਸਾਹਮਣਾ ਕਰਨਾ ਪਿਆ ਪਰ ਆਪ ਨੇ ਲੰਗਰ ਤੇ ਸੰਗਤ ਦੀ ਸੇਵਾ ਵਿਚ ਕੋਈ ਕਸਰ ਨਾ ਪੈਣ ਦਿੱਤੀ।

1588 ਈ. ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਰੋਵਰ ਦੀ ਨੀਂਹ ਰੱਖੀ ਗਈ। ਗੁਲਾਮ-ਮੁਹਾਯੂ-ਦੀਨ ਦੀ ਲਿਖਤ ਅਨੁਸਾਰ ਸਾਈਂ ਮੀਆਂ ਮੀਰ ਜੀ (1550-1635) ਨੇ ਚਾਰੇ ਪਾਸਿਆਂ ਤੇ ਇਕ-ਇਕ ਇੱਟ ਰੱਖੀ ਅਤੇ ਇਕ ਇੱਟ ਸਰੋਵਰ ਦੇ ਕੇਂਦਰ ਵਿਚ ਰੱਖੀ। ਉਸ ਸਮੇਂ ਦੀ ਪਰਚਲਤ ਪ੍ਰਥਾ ਦੇ ਅਨੁਸਾਰ ਧਾਰਮਕ ਸਥਾਨਾਂ ਦਾ ਪਰਵੇਸ਼ ਦੁਆਰ ਪੂਰਬ ਵੱਲ ਰੱਖਿਆ ਜਾਂਦਾ ਸੀ। ਪਰ ਹਰਿਮੰਦਰ ਸਾਹਿਬ ਦੇ ਚਾਰੋਂ ਪਾਸਿਆਂ ਵੱਲ ਇਕ-ਇਕ ਦਰਵਾਜ਼ਾ ਰੱਖਿਆ ਗਿਆ, ਜਿਸ ਦਾ ਮਤਲਬ ਸੀ ਕਿ ਇਹ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕਾਂ ਲਈ ਖੁੱਲ੍ਹਾ ਹੈ। ਮੁੱਖ ਇਮਾਰਤ ਦੇ ਨਜ਼ਦੀਕ ਇਕ ਲੰਗਰ ਹਾਲ ਬਣਵਾਇਆ ਗਿਆ ਤਾਂ ਕਿ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕ ਇਕੱਠੇ ਬੈਠ ਕੇ ਲੰਗਰ ਛਕ ਸਕਣ। ਯਾਤਰੀਆਂ ਦੇ ਲਈ ਅਰਾਮ ਘਰ ਵੀ ਬਣਵਾਏ ਗਏ। ਹਰਿਮੰਦਰ ਸਾਹਿਬ ਦੇ ਸੰਪੂਰਨ ਹੋਣ ਤੇ 16 ਅਗਸਤ 1604 ਨੂੰ ਇਸ ਦੇ ਕੇਂਦਰ ਵਿਚ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸਥਾਪਨਾ ਕੀਤੀ ਗਈ। ਆਰਥਕ ਆਧਾਰ ਨੂੰ ਉੱਚਾ ਚੁੱਕਣ ਲਈ ਨੇੜੇ ਹੀ ਬਜ਼ਾਰਾਂ ਦੀ ਉਸਾਰੀ ਕਰਵਾਈ ਗਈ। ਵਪਾਰੀਆਂ ਨੂੰ ਉੱਥੇ ਰਹਿਣ ਅਤੇ ਵਪਾਰ ਕਰਨ ਲਈ ਉਤਸ਼ਾਹਿਤ ਕੀਤਾ ਗਿਆ।

ਸ੍ਰੀ ਆਦਿ ਗ੍ਰੰਥ ਸਾਹਿਬ ਦਾ ਸੰਕਲਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਇਕ ਬਹੁਤ ਵੱਡੀ ਦੇਣ ਹੈ। ਸ੍ਰੀ ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਰਨ ਦੇ ਲਈ ਆਪ ਸ੍ਰੀ ਗੁਰੂ ਅਮਰ ਦਾਸ ਜੀ ਦੇ ਬੇਟੇ ਬਾਬਾ ਮੋਹਨ ਜੀ ਕੋਲ ਗੋਇੰਦਵਾਲ ਸਾਹਿਬ ਗਏ ਜਿਨ੍ਹਾਂ ਦੇ ਕੋਲ ਪਹਿਲੇ ਤਿੰਨ ਗੁਰੂ ਸਾਹਿਬਾਨਾਂ ਦੀਆਂ ਹੱਥ ਲਿਖਤ ਪੋਥੀਆਂ ਮੌਜੂਦ ਸਨ। ਇਨ੍ਹਾਂ ਪੋਥੀਆਂ ਨੂੰ ਆਪ ਨੇ ਇਕ ਪਾਲਕੀ ਵਿਚ ਸਜਾਇਆ ਅਤੇ ਫਿਰ ਸਿੱਖਾਂ ਨੇ ਇਸ ਪਾਲਕੀ ਨੂੰ ਆਪਣੇ ਮੋਢਿਆਂ ਉੱਤੇ ਚੁੱਕ ਕੇ ਗੋਇੰਦਵਾਲ ਤੋਂ ਅੰਮ੍ਰਿਤਸਰ ਤਕ 40 ਕਿਲੋਮੀਟਰ ਦਾ ਰਸਤਾ ਪੈਦਲ ਤੈਅ ਕੀਤਾ। ਪੂਰੇ ਰਸਤੇ ਵਿਚ ਗੁਰੂ ਸਾਹਿਬ ਪਾਲਕੀ ਦੇ ਪਿੱਛੇ-ਪਿੱਛੇ ਨੰਗੇ ਪੈਰ ਚਲਦੇ ਰਹੇ। ਰਸਤੇ ਵਿਚ ਇਕ ਜਗ੍ਹਾ ਖਡੂਰ ਸਾਹਿਬ ਸਭ ਨੇ ਅਰਾਮ ਕੀਤਾ। ਅੰਮ੍ਰਿਤਸਰ ਤੋਂ ਕੁਝ ਕਿਲੋਮੀਟਰ ਪਹਿਲਾਂ ਬਹੁਤ ਸਾਰੀ ਸਿੱਖ ਸੰਗਤ ਅਤੇ ਆਪ ਦੇ ਬੇਟੇ ਹਰਿਗੋਬਿੰਦ ਸਾਹਿਬ ਸਨਮਾਨ ਦੇ ਲਈ ਪਹੁੰਚੇ। ਹਰਿਗੋਬਿੰਦ ਸਾਹਿਬ ਨੇ ਫੁੱਲਾਂ ਦੀ ਵਰਖਾ ਕੀਤੀ। ਉਸ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ, ਹਰਿਗੋਬਿੰਦ ਸਾਹਿਬ, ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨੇ ਪਾਲਕੀ ਨੂੰ ਆਪਣੇ ਮੋਢਿਆਂ 'ਤੇ ਚੁੱਕਿਆ ਅਤੇ ਬੰਸਰੀ, ਢੋਲ ਅਤੇ ਕੀਰਤਨ ਦੇ ਨਾਲ-ਨਾਲ ਉਹ ਹਰਿਮੰਦਰ ਸਾਹਿਬ ਪਹੁੰਚੇ।

ਅੰਮ੍ਰਿਤਸਰ ਵਿਚ ਧਰਮ ਗ੍ਰੰਥ ਦਾ ਸੰਕਲਨ ਕਰਨ ਦੇ ਲਈ ਆਪ ਨੇ ਇਕ ਬਹੁਤ ਹੀ ਇਕਾਂਤ ਜਗ੍ਹਾ 'ਰਾਮਸਰ' ਨੂੰ ਚੁਣਿਆ ਜੋ ਕਿ ਹਰਿਮੰਦਰ ਸਾਹਿਬ ਦੇ ਨਜ਼ਦੀਕ ਹੈ। ਉਸ ਸਮੇਂ ਉੱਥੇ ਜੰਡ, ਬੇਰੀ, ਅੰਜੀਰ ਅਤੇ ਪਿੱਪਲ ਦੇ ਦਰਖਤ ਲੱਗੇ ਹੋਏ ਸੀ। ਆਪ ਨੇ ਪਹਿਲੇ ਚਾਰ ਗੁਰੂਆਂ ਦੀ ਬਾਣੀ ਦਾ ਸੰਕਲਨ ਕੀਤਾ। ਪਹਿਲੇ ਚਾਰ ਗੁਰੂ ਸਾਹਿਬਾਨਾਂ ਦੀ ਬਾਣੀ ਦੇ ਨਾਲ ਆਪਣੀਆਂ ਰਚਨਾਵਾਂ ਵੀ ਸ਼ਾਮਲ ਕੀਤੀਆਂ। ਨਾਲ ਹੀ ਵੱਖ-ਵੱਖ ਧਰਮਾਂ ਅਤੇ ਜਾਤਾਂ ਨਾਲ ਸਬੰਧਤ ਹਿੰਦੂ ਅਤੇ ਮੁਸਲਮਾਨ, 15 ਭਗਤਾਂ, 11 ਭੱਟਾਂ ਅਤੇ 4 ਹੋਰ ਮਹਾਂਪੁਰਖਾਂ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ। ਇਸ ਪਵਿੱਤਰ ਧਰਮ ਗ੍ਰੰਥ ਦਾ ਕੰਮ 15 ਅਗਸਤ, 1604 ਨੂੰ ਸੰਪੂਰਨ ਹੋਇਆ। ਇਹ ਧਰਮ ਗ੍ਰੰਥ ਇਕ ਅਨੋਖਾ ਪਵਿੱਤਰ ਧਰਮ ਗ੍ਰੰਥ ਹੈ ਕਿਉਂਕਿ ਇਸ ਵਿਚ ਦੇਸ਼ ਦੇ ਵੱਖ-ਵੱਖ ਭਾਗਾਂ ਦੇ ਨਾਲ ਸਬੰਧਤ ਹਿੰਦੂ ਅਤੇ ਮੁਸਲਮਾਨ ਭਗਤਾਂ, ਸੂਫੀਆਂ ਅਤੇ ਭੱਟਾਂ ਦੀ ਬਾਣੀ ਸ਼ਾਮਲ ਹੈ। ਬਹੁਤ ਸਾਰੇ ਭਗਤ ਅਤੇ ਕਵੀ ਆਪਣੀਆਂ ਆਪਣੀਆਂ ਰਚਨਾਵਾਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਆਏ, ਪਰ ਆਪ ਨੇ ਆਪਣੇ ਸਿਧਾਂਤਾਂ ਦੀ ਕਸਵੱਟੀ 'ਤੇ ਲਾ ਕੇ ਉਨ੍ਹਾਂ ਰਚਨਾਵਾਂ ਨੂੰ ਹੀ ਪਰਵਾਨ ਕੀਤਾ ਜਿਹੜੀਆਂ ਸਿੱਖ ਧਰਮ ਦੇ ਸਿਧਾਂਤਾਂ ਨਾਲ ਮੇਲ ਖਾਂਦੀਆਂ ਸਨ। ਆਪ ਨੇ ਸ਼ਾਹ ਹੁਸੈਨ, ਭਗਤ ਕਾਹਨਾ, ਛੱਜੂ ਤੇ ਪੀਲੂ ਦੀਆਂ ਰਚਨਾਵਾਂ ਨੂੰ ਪਰਵਾਨ ਨਾ ਕੀਤਾ।

ਜਦੋਂ ਇਹ ਮਹਾਨ ਰਚਨਾ ਤਿਆਰ ਕੀਤੀ ਜਾ ਰਹੀ ਸੀ ਤਾਂ ਗੁਰੂ ਘਰ ਦੇ ਦੋਖੀਆਂ ਨੇ ਅਕਬਰ ਬਾਦਸ਼ਾਹ

ਪਾਸ ਜਾ ਕੇ ਸ਼ਿਕਾਇਤ ਕੀਤੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਅਜਿਹੀ ਰਚਨਾ ਤਿਆਰ ਕਰ ਰਹੇ ਹਨ, ਜਿਸ ਵਿਚ ਹਿੰਦੂ ਅਤੇ ਮੁਸਲਮਾਨ ਪੀਰਾਂ ਤੇ ਅਵਤਾਰਾਂ ਦੀ ਨਿੰਦਿਆ ਕੀਤੀ ਗਈ ਹੈ। ਅਕਬਰ ਬਾਦਸ਼ਾਹ ਲਾਹੌਰ ਜਾਂਦਾ ਹੋਇਆ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲਿਆ। ਜਦੋਂ ਉਸਨੇ ਬਾਣੀ ਸੁਣੀ ਤਾਂ ਉਹ ਬਹੁਤ ਖੁਸ਼ ਹੋਇਆ ਅਤੇ ਇਸ ਮਹਾਨ ਰਚਨਾ ਦੀ ਉਸ ਨੇ ਬਹੁਤ ਪਰਸ਼ੰਸਾ ਕੀਤੀ। ਬਾਦਸ਼ਾਹ ਦੇ ਲਾਹੌਰ ਠਹਿਰਨ ਦੇ ਖਰਚੇ ਲਈ ਸੂਬੇ ਦੇ ਹਾਕਮਾਂ ਨੇ ਜ਼ਿਮੀਂਦਾਰਾਂ ਦਾ ਮਾਲੀਆ ਵਧਾ ਦਿੱਤਾ ਗਿਆ ਸੀ, ਜਿਸ ਕਰਕੇ ਲੋਕ ਦੁਖੀ ਹੋ ਗਏ ਸਨ। ਜਦ ਅਕਬਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕੋਈ ਮਦਦ ਲੈਣ ਲਈ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਸਾਨੂੰ ਆਪਣੇ ਲਈ ਕੁਝ ਵੀ ਨਹੀਂ ਚਾਹੀਦਾ। ਤੁਸੀਂ ਜ਼ਿਮੀਂਦਾਰਾਂ ਦਾ ਮਾਲੀਆ ਘੱਟ ਕਰ ਦਿਉ, ਲੋਕ ਇੰਨੀ ਰਕਮ ਨਹੀਂ ਦੇ ਸਕਦੇ। ਅਕਬਰ ਬਾਦਸ਼ਾਹ ਨੇ ਉਸੇ ਵੇਲੇ ਹੁਕਮ ਜਾਰੀ ਕਰ ਦਿੱਤਾ ਤੇ ਮਾਲੀਆ ਘਟਾ ਦਿੱਤਾ ਗਿਆ। ਜਦੋਂ ਤੱਕ ਅਕਬਰ ਜਿਉਂਦਾ ਰਿਹਾ, ਕਿਸੇ ਨੂੰ ਗੁਰੂ ਸਾਹਿਬ ਦੀ ਖੁਲ੍ਹ ਕੇ ਵਿਰੋਧਤਾ ਕਰਨ ਦਾ ਹੌਸਲਾ ਨਾ ਪਿਆ।

ਪਹਿਲੀ ਕਾਪੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਲਿਖਵਾਉਣ ਤੇ ਭਾਈ ਗੁਰਦਾਸ ਜੀ ਨੇ ਲਿਖੀ। ਇਸ ਧਰਮ ਗ੍ਰੰਥ ਦੇ ਸਵਾ ਨੌਂ × ਸਵਾ ਤੇਰਾਂ ਆਕਾਰ ਦੇ 1948 ਪੰਨੇ ਹਨ। ਇਸ ਦੀ ਜਿਲਦ ਬੰਨ੍ਹਵਾਉਣ ਤੋਂ ਬਾਅਦ 16 ਅਗਸਤ 1604 ਈ. ਨੂੰ ਇਸ ਪਵਿੱਤਰ ਗ੍ਰੰਥ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਇਕ ਸਜਾਏ ਗਏ ਥੜ੍ਹੇ ਉੱਪਰ ਸੁਸ਼ੋਭਤ ਕੀਤਾ ਗਿਆ ਤੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਨਿਯੁਕਤ ਕੀਤਾ ਗਿਆ। ਸ੍ਰੀ ਆਦਿ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਦਾ 2004 ਈ. ਵਿਚ ਸੰਸਾਰ ਪੱਧਰ ਤੇ 400 ਸਾਲਾ ਦਿਵਸ ਮਨਾਇਆ ਗਿਆ।

ਇੱਥੇ ਇਹ ਦੱਸਣਾ ਵਾਜਬ ਹੋਵੇਗਾ ਕਿ ਬਾਅਦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਇਸ ਧਰਮ ਗ੍ਰੰਥ ਨੂੰ ਅੰਤਮ ਰੂਪ ਦਿੱਤਾ ਜਿਸ ਵਿਚ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕੀਤੀ ਅਤੇ ਇਹ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਗਿਆਰਵੇਂ ਗੁਰੂ ਦੇ ਰੂਪ ਵਿਚ ਸੁਸ਼ੋਭਤ ਹੈ।

ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਪਰਮਾਤਮਾ ਦੀ ਸਰਵ-ਵਿਆਪਕਤਾ, ਮਨੁੱਖਤਾ ਦੀ ਸਮਾਨਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ ਗਿਆ ਹੈ ਜਿਸ ਦਾ ਟੀਚਾ ਵੱਖ-ਵੱਖ ਧਰਮਾਂ, ਅਤੇ ਜਾਤਾਂ ਦੇ ਭੇਦਭਾਵਾਂ ਨੂੰ ਦੂਰ ਕਰਨਾ ਹੈ। ਇਹ ਪਵਿੱਤਰ ਧਰਮ ਗ੍ਰੰਥ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਤਮਕ ਗਹਿਰਾਈ ਅਤੇ ਕਵਿਤਾ ਦੀ ਸੂਝ ਬੂਝ ਦਾ ਦਰਿਸ਼ਟਾਂਤ ਪੇਸ਼ ਕਰਦਾ ਹੈ। ਪਹਿਲੇ ਗੁਰੂ ਸਾਹਿਬਾਨਾਂ ਅਤੇ ਗੁਰੂ ਸਾਹਿਬ ਦੀ ਆਪਣੀਆਂ ਰਚਨਾਵਾਂ ਅਤੇ ਹੋਰ ਰਚਨਹਾਰਾਂ ਦੀ ਬਾਣੀ ਦੀ ਸੰਪਾਦਨਾ ਆਪ ਦੇ ਬਹੁਪੱਖੀ ਗਿਆਨ ਅਤੇ ਮਾਨਸਕ ਗਹਿਰਾਈ ਦਾ ਪਰਗਟਾਵਾ ਕਰਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ। ਪੰਜਾਬ ਦੇ ਹਰ ਨਗਰ ਵਿਚ ਕੀ ਪੰਜਾਬ ਤੋਂ ਬਾਹਰ ਦੂਰ-ਦੂਰ ਤਕ ਵੀ ਸਿੱਖ ਧਰਮ ਦਾ ਪਰਚਾਰ ਹੋਇਆ। ਸ੍ਰੀ ਗੁਰੂ ਰਾਮ ਦਾਸ ਜੀ ਦੇ ਸਮੇਂ ਤੋਂ ਪਰਚਾਰਕ ਬਾਹਰ ਭੇਜੇ ਜਾਂਦੇ ਸਨ ਜਿਨ੍ਹਾਂ ਨੂੰ ਮਸੰਦ ਕਿਹਾ ਜਾਂਦਾ ਸੀ। ਉਹ ਸੰਗਤ ਤੋਂ ਗੁਰੂ ਘਰ ਲਈ ਮਾਇਆ ਤੇ ਦਸਵੰਧ ਲੈ ਕੇ ਅੰਮ੍ਰਿਤਸਰ ਪਹੁੰਚਾਇਆ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਕੰਮ ਨੂੰ ਹੋਰ ਚੰਗੀ ਤਰ੍ਹਾਂ ਜਥੇਬੰਦ ਕੀਤਾ। ਇਸ ਤਰ੍ਹਾਂ ਅੰਮ੍ਰਿਤਸਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚੱਲੀ ਆ ਰਹੀ ਸਿੱਖੀ ਦੀ ਲਹਿਰ ਦਾ ਮੁੱਖ ਕੇਂਦਰ ਸਥਾਪਤ ਹੋ ਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਲੋਕਾਂ ਤਕ ਪਹੁੰਚਾਉਣ ਦੇ ਲਈ ਆਪ ਨੇ ਮਾਝਾ, ਗੁਰਦਾਸਪੁਰ, ਅੰਮ੍ਰਿਤਸਰ, ਲਾਹੌਰ ਦਾ ਵਿਸਤਰਿਤ ਪਰਚਾਰ ਦੌਰਾ ਕੀਤਾ। 1590 ਈ. ਵਿਚ ਆਪ ਨੇ ਅੰਮ੍ਰਿਤਸਰ ਤੋਂ 24 ਕਿਲੋਮੀਟਰ ਦੱਖਣ ਵੱਲ ਤਰਨ ਤਾਰਨ ਸਾਹਿਬ ਦੇ ਸਥਾਨ ਤੇ ਗੁਰਦੁਆਰਾ ਸਾਹਿਬ ਦੀ ਅਤੇ ਸਰੋਵਰ ਦੀ ਉਸਾਰੀ ਕਰਵਾਈ। ਇਕ ਦਿਨ ਗੁਰੂ ਸਾਹਿਬ ਸਵੇਰ ਦੀ ਸੈਰ ਦੇ ਲਈ ਜਾ ਰਹੇ ਸਨ ਤਾਂ ਰਸਤੇ ਵਿਚ ਆਪ ਨੇ ਦੇਖਿਆ ਕਿ 4-5 ਵਿਅਕਤੀ ਇਕ ਵਿਅਕਤੀ ਨੂੰ ਘਸੀਟਦੇ ਹੋਏ ਲੈ ਜਾ ਰਹੇ ਸਨ ਅਤੇ ਉਹ ਵਿਅਕਤੀ ਦਰਦ ਨਾਲ ਕਰਾਹ ਰਿਹਾ ਸੀ। ਗੁਰੂ ਸਾਹਿਬ ਦੇ ਪੁੱਛਣ 'ਤੇ ਕਿ ਉਹ ਕੌਣ ਲੋਕ ਸਨ ਅਤੇ ਉਸ ਪੀੜਤ ਵਿਅਕਤੀ

ਨੂੰ ਕਿੱਥੇ ਲੈ ਕੇ ਜਾ ਰਹੇ ਸਨ, ਆਪ ਨੂੰ ਦੱਸਿਆ ਗਿਆ ਕਿ ਇਹ ਵਿਅਕਤੀ ਮੁਰਾਦਪੁਰ ਪਿੰਡ ਦਾ ਇਕ ਅਮੀਰ ਚੌਧਰੀ ਹੈ। ਇਸ ਨੂੰ ਕੋਹੜ ਦੀ ਬਿਮਾਰੀ ਨੇ ਘੇਰਿਆ ਹੋਇਆ ਹੈ। ਬਹੁਤ ਇਲਾਜ ਕਰਵਾਉਣ 'ਤੇ ਵੀ ਇਸ ਦਾ ਰੋਗ ਠੀਕ ਨਹੀਂ ਹੋਇਆ। ਹੁਣ ਇਸ ਨੂੰ ਇਸ ਦੀ ਇੱਛਾ ਮੁਤਾਬਕ ਦਰਿਆ ਬਿਆਸ ਵਿਚ ਡੁਬਾਉਣ ਲਈ ਲੈ ਕੇ ਜਾ ਰਹੇ ਹਾਂ। ਗੁਰੂ ਸਾਹਿਬ ਨੇ ਉਸ ਪੀੜਤ ਵਿਅਕਤੀ ਨੂੰ ਤਰਨ ਤਾਰਨ ਸਾਹਿਬ ਵਿਖੇ ਲਿਆਉਣ ਲਈ ਕਿਹਾ। ਉੱਥੇ ਗੁਰੂ ਸਾਹਿਬ ਨੇ ਉਸ ਦਾ ਖੁਦ ਇਲਾਜ ਕੀਤਾ ਅਤੇ ਉਸ ਨੂੰ ਤੰਦਰੁਸਤ ਕੀਤਾ। ਇਸ ਤੋਂ ਬਾਅਦ ਗੁਰੂ ਸਾਹਿਬ ਨੇ ਤਰਨ ਤਾਰਨ ਸਾਹਿਬ ਵਿਚ ਇਕ ਕੋਹੜੀ ਘਰ ਬਣਾਇਆ ਜਿਸ ਵਿਚ ਦੂਰ-ਦੂਰ ਤੋਂ ਲੋਕ ਆ ਕੇ ਕੋਹੜ ਦਾ ਇਲਾਜ ਕਰਵਾਉਣ ਲੱਗੇ। ਤਰਨ ਤਾਰਨ ਸਾਹਿਬ ਆਤਮਕ ਗਿਆਨ ਦੇ ਕੇਂਦਰ ਦੇ ਨਾਲ-ਨਾਲ ਵਪਾਰਕ ਕੇਂਦਰ ਵੀ ਬਣ ਗਿਆ।

ਆਪਣੇ ਪਰਚਾਰ ਦੌਰਿਆਂ ਦੇ ਦੌਰਾਨ ਆਪ ਨੇ ਖੂਹ ਖੁਦਵਾਏ ਅਤੇ ਲੋਕਾਂ ਨੂੰ ਕਾਲ ਤੋਂ ਪੈਦਾ ਹੋਣ ਵਾਲੀਆਂ ਤਕਲੀਫਾਂ ਤੋਂ ਰਾਹਤ ਦਿਵਾਈ। ਆਪ ਨੇ ਜਨਤਾ ਦੀ ਭਲਾਈ ਦੇ ਲਈ ਹੋਰ ਵੀ ਬਹੁਤ ਸਾਰੇ ਕੰਮ ਕੀਤੇ। 1587 ਈ. ਵਿਚ ਆਪ ਨੇ ਰੁਹੇਲੇ ਨਾਮ ਦੇ ਇਕ ਉਜੜੇ ਹੋਏ ਪਿੰਡ ਦੀ ਉਸਾਰੀ ਕਰਵਾ ਕੇ ਉਸਦਾ ਨਾਮ ਸ੍ਰੀ ਹਰਗੋਬਿੰਦਪੁਰ ਰੱਖਿਆ। 1594 ਈ. ਵਿਚ ਆਪ ਨੇ ਕਰਤਾਰਪੁਰ ਨਗਰ ਜੋ ਕਿ ਜਲੰਧਰ ਜ਼ਿਲ੍ਹੇ ਵਿਚ ਪੈਂਦਾ ਹੈ, ਦੀ ਉਸਾਰੀ ਕਰਵਾਈ। ਆਪ ਦੇ ਪਰਚਾਰ ਦੌਰੇ ਤੋਂ ਕਾਬਲ ਅਤੇ ਮੱਧ ਏਸ਼ੀਆ ਦੇ ਲੋਕ ਬਹੁਤ ਪਰਭਾਵਤ ਹੋਏ ਅਤੇ ਉਨ੍ਹਾਂ ਨੇ ਸਿੱਖ ਧਰਮ ਅਪਣਾਇਆ। ਉਸ ਸਮੇਂ ਦੇ ਇਕ ਫਾਰਸੀ ਸਰੋਤ ਦਾਬਿਸਤਾਨ-ਏ-ਮੁਜਾਹਿਬ ਵਿਚ ਅੰਕਤ ਹੈ ਕਿ ਗੁਰੂ ਸਾਹਿਬ ਦੇ ਸਮੇਂ ਦੇ ਦੌਰਾਨ ਸਿੱਖ ਧਰਮ ਦਾ ਪਰਸਾਰ ਹੁੰਦਾ ਰਿਹਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਧਰਮ ਦਾ ਬਹੁਤ ਪਰਸਾਰ ਹੋਇਆ। ਸ਼ਾਇਦ ਹੀ ਕੋਈ ਅਜਿਹਾ ਇਲਾਕਾ ਹੋਵੇ ਜਿੱਥੇ ਸਿੱਖ ਮੌਜੂਦ ਨਾ ਹੋਣ।

ਪਰ ਕੁਦਰਤ ਦੀ ਐਸੀ ਹੋਣੀ ਸੀ ਕਿ 1605 ਈ. ਵਿਚ ਅਕਬਰ ਦੀ ਮੌਤ ਹੋ ਗਈ ਤੇ ਉਸ ਦੀ ਜਗ੍ਹਾ ਉਸ ਦਾ ਪੁੱਤਰ ਜਹਾਂਗੀਰ ਗੱਦੀ ਤੇ ਬੈਠਿਆ ਜੋ ਕਿ ਆਪਣੇ ਰੂੜੀਵਾਦੀ ਦਰਬਾਰੀਆਂ ਉੱਤੇ ਬਹੁਤ ਵਿਸ਼ਵਾਸ ਕਰਦਾ ਸੀ। ਇਨ੍ਹਾਂ ਦਰਬਾਰੀਆਂ ਦੀ ਸਲਾਹ 'ਤੇ ਚਲਦੇ ਹੋਏ ਉਹ ਗੈਰ-ਮੁਸਲਿਮ ਲੋਕਾਂ ਨਾਲ ਨਫਰਤ ਕਰਨ ਲੱਗਾ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਧਦੀ ਹੋਈ ਮਾਨਤਾ ਨੂੰ ਆਪਣੇ ਰਾਜ ਅਤੇ ਇਸਲਾਮ ਦੇ ਖਿਲਾਫ਼ ਸਮਝ ਕੇ ਡਰਨ ਲੱਗਿਆ। ਉਸਦੇ ਗੱਦੀ ਤੇ ਬੈਠਣ ਦੇ ਕੁਝ ਮਹੀਨਿਆਂ ਦੇ ਅੰਦਰ-ਅੰਦਰ ਉਸ ਦੇ ਬੇਟੇ ਖੁਸਰੋ ਨੇ ਬਗਾਵਤ ਕਰ ਦਿੱਤੀ ਅਤੇ ਲਾਹੌਰ ਜਾਂਦੇ ਹੋਏ ਰਸਤੇ ਵਿਚ ਗੋਇੰਦਵਾਲ ਸਾਹਿਬ ਦੇ ਸਥਾਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਸ਼ੀਰਵਾਦ ਲੈਣ ਗਿਆ। ਇਤਿਹਾਸਕ ਤੱਥਾਂ ਦੇ ਮੁਤਾਬਕ ਖੁਸਰੋ ਨੇ 'ਗੁਰੂ ਦੇ ਲੰਗਰ' ਵਿਚ ਭੋਜਨ ਵੀ ਛਕਿਆ ਅਤੇ ਅਗਲੀ ਸਵੇਰ ਲਾਹੌਰ ਵੱਲ ਚਲਾ ਗਿਆ। ਜਹਾਂਗੀਰ ਨੇ ਇਸ ਤੱਥ ਨੂੰ ਗੁਰੂ ਸਾਹਿਬ ਨੂੰ ਮਾਰਨ ਦਾ ਬਹਾਨਾ ਬਣਾ ਲਿਆ। ਖੁਸਰੋ ਦੀ ਬਗਾਵਤ ਦਬ ਜਾਣ ਤੋਂ ਬਾਅਦ ਜਹਾਂਗੀਰ ਨੇ ਉਨ੍ਹਾਂ ਸਭ ਲੋਕਾਂ ਤੋਂ ਬਦਲਾ ਲੈਣ ਦਾ ਫੈਸਲਾ ਕੀਤਾ ਜਿਨ੍ਹਾਂ 'ਤੇ ਉਸਨੂੰ ਸ਼ੱਕ ਸੀ ਕਿ ਉਨ੍ਹਾਂ ਨੇ ਖੁਸਰੋ ਦੀ ਮਦਦ ਕੀਤੀ ਹੈ। ਇਤਿਹਾਸ ਵਿਚ ਇਹ ਵੀ ਜ਼ਿਕਰ ਆਉਂਦਾ ਹੈ ਕਿ ਚੰਦੂ ਦੇ ਭੜਕਾਉਣ 'ਤੇ ਗੁਰੂ ਸਾਹਿਬ ਵਿਰੁੱਧ ਖੁਸਰੋ ਨੂੰ ਮਾਲੀ ਸਹਾਇਤਾ ਦੇਣ ਦਾ ਇਲਜ਼ਾਮ ਲਗਾਇਆ ਗਿਆ ਤੇ ਜਹਾਂਗਰ ਨੇ ਦੋ ਲੱਖ ਰੁਪਏ ਜੁਰਮਾਨਾ ਭਰਨ ਦਾ ਦੰਡ ਦਿੱਤਾ।

ਇਸ ਸੰਦਰਭ ਵਿਚ ਉਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਹੁਤ ਭਾਰੀ ਜੁਰਮਾਨਾ ਲਗਾਇਆ ਅਤੇ ਜਦੋਂ ਉਨ੍ਹਾਂ ਨੇ ਇਹ ਜੁਰਮਾਨਾ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਗੁਰੂ ਸਾਹਿਬ ਨੂੰ ਕੈਦ ਕਰ ਲਿਆ ਗਿਆ। ਜਹਾਂਗੀਰ ਨੇ 6 ਜੂਨ, 1606 ਨੂੰ ਤੋਜ਼ਕੇ ਜਹਾਂਗੀਰੀ ਵਿਚ ਲਿਖਿਆ ਹੈ ਕਿ 'ਗੋਇੰਦਵਾਲ ਵਿਚ, ਜੋ ਕਿ ਦਰਿਆ ਬਿਆਸ ਦੇ ਕੰਢੇ 'ਤੇ ਵਸਿਆ ਹੈ, ਪੀਰਾਂ ਫ਼ਕੀਰਾਂ ਦੇ ਭੇਸ ਵਿਚ ਅਰਜਨ ਨਾਂ ਦਾ ਇਕ ਹਿੰਦੂ ਸੀ। ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਨੂੰ ਹੀ ਨਹੀਂ ਸਗੋਂ ਕਈ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਤਰੀਕਿਆਂ ਤੇ ਉਪਦੇਸ਼ਾਂ ਦਾ ਸਿਦਕੀ ਬਣਾ ਕੇ ਆਪਣੀ ਪੀਰੀ ਤੇ ਰੱਬ ਨਾਲ ਨਜ਼ਦੀਕੀ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਆਖਦੇ ਸਨ ਅਤੇ ਸਾਰਿਆਂ ਪਾਸਿਆਂ ਤੋਂ ਮੂਰਖ ਤੇ ਮੂਰਖਾਂ ਦੇ ਪੁਜਾਰੀ ਲੋਕ ਉਸ ਦੇ ਉਦਾਲੇ ਆ ਜੁੜਦੇ ਸਨ ਅਤੇ ਉਸ ਉੱਪਰ ਪੂਰਾ ਭਰੋਸਾ ਪਰਗਟ

ਕਰਦੇ ਸਨ। ਤਿੰਨ ਚਹੁੰ ਪੀਹੜੀਆਂ ਤੋਂ ਉਨ੍ਹਾਂ ਨੇ ਇਹ ਦੁਕਾਨ ਗਰਮ ਰੱਖੀ ਹੋਈ ਸੀ। ਮੁੱਦਤਾਂ ਤੋਂ ਮੇਰੇ ਦਿਲ ਵਿਚ ਖ਼ਿਆਲ ਆਇਆ ਕਰਦਾ ਸੀ ਕਿ ਜਾਂ ਤਾਂ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਤੇ ਜਾਂ ਉਸ ਨੂੰ ਮੁਸਲਮਾਨੀ ਮੱਤ ਵਿਚ ਲਿਆਉਣਾ ਚਾਹੀਦਾ ਹੈ।' ਅੱਗੇ ਚੱਲ ਕੇ ਜਹਾਂਗੀਰ ਖੁਸਰੋ ਦੀ ਬਗ਼ਾਵਤ ਦਾ ਜ਼ਿਕਰ ਕਰਦਿਆਂ ਲਿਖਦਾ ਹੈ ਕਿ 'ਜਦੋਂ ਇਹ ਗੱਲ ਮੇਰੇ ਕੰਨੀਂ ਪਈ, ਮੈਂ ਹੁਕਮ ਦਿੱਤਾ ਕਿ ਉਸ ਨੂੰ ਮੇਰੇ ਸਾਹਮਣੇ ਹਾਜ਼ਰ ਕੀਤਾ ਜਾਵੇ। ਉਸ ਦੀ ਜਾਇਦਾਦ ਜ਼ਬਤ ਕਰ ਕੇ ਹੁਕਮ ਦਿੱਤਾ ਕਿ ਉਸ ਨੂੰ ਤਸੀਹੇ ਦੇ ਕੇ ਜਾਨੋਂ ਮਾਰ ਦਿੱਤਾ ਜਾਵੇ।'

ਇਸ ਤੋਂ ਸਪੱਸ਼ਟ ਹੈ ਕਿ ਜਹਾਂਗੀਰ ਨੂੰ ਬਹੁਤ ਗੁੱਸਾ ਇਸ ਗੱਲ ਦਾ ਸੀ ਕਿ ਲੋਕੀਂ ਧੜਾ-ਧੜ ਗੁਰੂ ਘਰ ਦੇ ਪੈਰੋਕਾਰ ਕਿਉਂ ਬਣਦੇ ਜਾ ਰਹੇ ਸਨ। ਉਸਨੇ ਪਹਿਲਾਂ ਆਪ ਨੂੰ ਇਸਲਾਮ ਵਿਚ ਲਿਆਉਣ ਲਈ ਵਾਹ ਲਾਈ, ਪਰ ਜਦੋਂ ਦੇਖਿਆ ਕਿ ਗੁਰੂ ਸਾਹਿਬ ਆਪਣੇ ਅਸੂਲਾਂ 'ਤੇ ਦ੍ਰਿੜ੍ਹ ਹਨ ਤਾਂ ਉਸ ਨੇ ਗੁਰੂ ਸਾਹਿਬ ਨੂੰ ਤੜਫਾ ਤੜਫਾ ਕੇ ਮਾਰਨ ਦਾ ਹੁਕਮ ਦੇ ਦਿੱਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਲਿਆਂਦਾ ਗਿਆ। ਆਪ ਨੂੰ ਕਿਹਾ ਗਿਆ ਕਿ ਉਹ ਜਾਂ ਤਾਂ ਮੁਸਲਮਾਨ ਬਣ ਜਾਣ ਜਾਂ ਫਿਰ ਮਰਨ ਲਈ ਤਿਆਰ ਹੋ ਜਾਣ। ਆਪ ਨੇ ਧਰਮ ਨਾ ਬਦਲਨ ਦੀ ਦ੍ਰਿੜ੍ਹਤਾ ਦੇ ਕਾਰਣ ਅਤੇ ਹਰ ਵਿਅਕਤੀ ਨੂੰ ਆਪਣੀ ਮਰਜ਼ੀ ਦਾ ਧਰਮ ਬਰਕਰਾਰ ਰੱਖ ਸਕਣ ਦੇ ਲਈ ਮੁਸਲਮਾਨ ਬਣਨਾ ਅਸਵੀਕਾਰ ਕਰ ਦਿੱਤਾ। ਇਸ ਲਈ ਗੁਰੂ ਸਾਹਿਬ ਨੂੰ ਬਹੁਤ ਸਰੀਰਕ ਕਸ਼ਟ ਦਿੱਤੇ ਗਏ। ਆਪ ਨੂੰ ਅੱਗ ਦੇ ਗਰਮ ਤਵੇ ਤੇ ਬਿਠਾ ਕੇ ਆਪ ਦੇ ਸਿਰ ਉੱਪਰ ਗਰਮ ਰੇਤ ਪਾਈ ਗਈ। ਜਦੋਂ ਫਿਰ ਵੀ ਆਪ ਨੇ ਧਰਮ ਬਦਲਨ ਤੋਂ ਇਨਕਾਰ ਕੀਤਾ ਤਾਂ ਆਪ ਨੂੰ ਉੱਬਲਦੇ ਪਾਣੀ ਦੀ ਦੇਗ ਵਿਚ ਬਿਠਾਇਆ ਗਿਆ। ਆਪ ਨੂੰ ਤਿੰਨ-ਚਾਰ ਦਿਨ ਅਸਹਿ ਤੇ ਅਕਹਿ ਕਸ਼ਟ ਦਿੱਤੇ ਗਏ। ਗੁਰੂ ਸਾਹਿਬ ਨੂੰ ਕਸ਼ਟ ਦੇਣ ਦਾ ਸਥਾਨ ਲਾਹੌਰ ਦੇ ਕਿਲ੍ਹੇ ਦੇ ਬਾਹਰ ਇਕ ਥੜ੍ਹਾ ਸੀ ਜੋ ਕਿ ਦਰਿਆ ਰਾਵੀ ਦੇ ਬਹੁਤ ਨਜ਼ਦੀਕ ਸੀ। ਆਪ ਨੂੰ ਬਹੁਤ ਕਸ਼ਟ ਦੇਣ ਤੋਂ ਬਾਅਦ ਰਾਵੀ ਦਰਿਆ ਵਿਖੇ ਲਿਜਾਇਆ ਗਿਆ। ਫਿਰ ਆਪ ਦੇ ਛਾਲਿਆਂ ਵਾਲੇ ਸਰੀਰ ਨੂੰ ਠੰਢੇ ਪਾਣੀ ਵਿਚ ਪਾਉਣ ਦੀ ਕਾਰਵਾਈ ਕੀਤੀ ਗਈ ਤਾਂ ਜੋ ਸਾੜ 'ਤੇ ਜਲਨ ਵਧੇ। ਜਿੱਥੇ ਆਪ ਪ੍ਰਭੂ ਦੀ ਯਾਦ ਵਿਚ ਲੀਨ ਹੋਏ 30 ਮਈ, 1606 ਨੂੰ ਜੋਤੀ ਜੋਤਿ ਸਮਾ ਗਏ। ਇਸ ਸ਼ਹੀਦੀ ਦੀ ਅਸਲ ਮਹਾਨਤਾ ਇਸ ਕਰਕੇ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਲੋਕ-ਲਹਿਰ ਨੂੰ ਇੰਨਾ ਬਲਵਾਨ ਬਣਾ ਦਿੱਤਾ ਸੀ ਕਿ ਸਮੇਂ ਦੀ ਹਕੂਮਤ ਉਨ੍ਹਾਂ ਤੋਂ ਡਰਨ ਲੱਗ ਪਈ ਸੀ। ਖੁਸਰੋ ਦੀ ਮਦਦ ਦਾ ਤਾਂ ਸਰਕਾਰ ਨੂੰ ਇਕ ਬਹਾਨਾ ਮਿਲ ਗਿਆ ਸੀ। ਜਹਾਂਗੀਰ ਆਪ ਮੰਨਦਾ ਹੈ ਕਿ ਉਹ ਕਾਫ਼ੀ ਸਮੇਂ ਤੋਂ ਆਪ ਦੀ ਵਧ ਰਹੀ ਤਾਕਤ ਤੋਂ ਦੁਖੀ ਸੀ।

ਇਸਾਈ ਲੇਖਕ ਫਾਦਰ ਜੀਰੋਮ ਜ਼ੇਵੀਅਰ ਨੇ 25 ਸਤੰਬਰ 1606 ਨੂੰ ਲਾਹੌਰ ਤੋਂ ਲਿਖੇ ਇਕ ਖਤ ਵਿਚ ਲਿਖਿਆ ਹੈ ਕਿ, 'ਇਸ ਤਰੀਕੇ ਦੁੱਖ ਦਰਦ, ਤਕਲੀਫਾਂ ਸਹਾਰਦੇ ਹੋਏ ਇਕ ਨੇਕ ਸੂਰਬੀਰ ਪਰਲੋਕ ਸਿਧਾਰ ਗਏ।' ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਿੱਤੀ ਗਈ ਸਿੱਖਿਆ ਉੱਤੇ ਫੁੱਲ ਚੜ੍ਹਾਉਂਦੇ ਹੋਏ ਸਾਡੇ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਸੰਦੇਸ਼ ਦੇ ਗਏ ਹਨ ਕਿ ਸਾਨੂੰ ਆਪਣੇ ਧਰਮ ਵਿਚ ਦ੍ਰਿੜ੍ਹ ਰਹਿਣਾ ਚਾਹੀਦਾ ਹੈ। ਲਾਹੌਰ ਵਿਖੇ ਜੋ ਕਿ ਹੁਣ ਪਾਕਿਸਤਾਨ ਵਿਚ ਪੈਂਦਾ ਹੈ, ਵਿਚ ਆਪ ਨੂੰ ਸਰੀਰਕ ਕਸ਼ਟ ਦੇਣ ਵਾਲੇ ਥੜ੍ਹੇ ਦੀ ਜਗ੍ਹਾ ਦੀ ਨਿਸ਼ਾਨਦੇਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਤੀ। ਇਸ ਪਵਿੱਤਰ ਅਸਥਾਨ ਤੇ ਗੁਰਦੁਆਰਾ ਡੇਹਰਾ ਸਾਹਿਬ ਸੁਸ਼ੋਭਤ ਹੈ। ਇੱਥੇ ਹਰ ਸਾਲ ਆਪ ਦੇ ਸ਼ਹੀਦੀ ਦਿਵਸ 'ਤੇ ਸੰਸਾਰ ਭਰ ਤੋਂ ਆ ਕੇ ਸਿੱਖ ਸ਼ਰਧਾਲੂ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਨ।

ਇਸ ਸਾਲ ਅਰਥਾਤ 2019 ਵਿਚ ਆਪ ਦਾ 413ਵਾਂ ਸ਼ਹੀਦੀ ਦਿਹਾੜਾ 7 ਜੂਨ ਨੂੰ ਹੈ। ਉਸ ਦਿਨ ਸਾਰੇ ਸੰਸਾਰ ਵਿਚ ਫੈਲੀ ਸਿੱਖ ਕੌਮ ਆਪ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੇਗੀ।

ਕਿਸੇ ਕਵੀ ਨੇ ਕਿਹਾ ਹੈ :

ਜਦ ਡੁਲ੍ਹਦਾ ਖ਼ੂਨ ਸ਼ਹੀਦਾਂ ਦਾ।
ਤਕਦੀਰ ਬਦਲਦੀ ਕੌਮਾਂ ਦੀ।
ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ !

7589491912

****



ਨਾਨਕ ਦੁਖੀਆ ਸਭੁ ਸੰਸਾਰ॥

- ਹਰੀ ਸਿੰਘ ਕੁਵੈਤ

ਆਪਣੇ ਦੁੱਖਾਂ ਤੋਂ ਪ੍ਰੇਸ਼ਾਨ ਹੋ ਕੇ ਅਸੀਂ ਕਈ ਬਾਰ ਸੋਚਣ ਲੱਗ ਜਾਂਦੇ ਹਾਂ ਕਿ ਬਾਕੀ ਦੂਸਰੇ ਲੋਕ ਤਾਂ ਬਹੁਤ ਸੁਖੀ ਹਨ ਪਰ ਸਾਡੇ ਉੱਪਰ ਮੁਸੀਬਤਾਂ ਤੇ ਮੁਸੀਬਤਾਂ ਕਿਉਂ ਆ ਰਹੀਆਂ ਹਨ। ਦਰਅਸਲ ਸੱਚਾਈ ਕੁਝ ਹੋਰ ਹੀ ਹੈ। ਅਸੀਂ ਆਪਣੇ ਦੁੱਖ ਮਹਿਸੂਸ ਕਰਦੇ ਹਾਂ ਪਰ ਦੂਸਰਿਆਂ ਦੇ ਚਿਹਰੇ ਹੀ ਵੇਖਦੇ ਹਾਂ। ਬੱਸ ! ਉਨ੍ਹਾਂ ਦੀ ਉਪਰਲੀ ਮੁਸਕਰਾਹਟ ਵੇਖ ਕੇ ਗਲਤੀ ਲੱਗ ਜਾਂਦੀ ਹੈ ਤੇ ਗੁਰਬਾਣੀ ਦੀ ਸਚਾਈ

ਨਾਨਕ ਦੁਖੀਆ ਸਭੁ ਸੰਸਾਰ॥
ਮੰਨੇ ਨਾਉ ਸੋਈ ਜਿਣਿ ਜਾਇ॥
ਅਉਰੀ ਕਰਮ ਨ ਲੇਖੈ ਲਾਇ॥ (ਅੰਗ ੯੫੪)

ਨੂੰ ਭੁਲ ਜਾਂਦੇ ਹਾਂ। ਵੇਖੋ ਜੇ ਕਿਸੇ ਪਾਸ ਧਨ-ਦੌਲਤ ਦਾ ਸੁੱਖ ਹੋਵੇਗਾ ਤਾਂ ਸਰੀਰ ਰੋਗੀ ਹੋਵੇਗਾ। ਜੇ ਸਰੀਰ ਅਰੋਗ ਹੈ ਤਾਂ ਸੰਤਾਨ ਦੀ ਘਾਟ ਹੋਵੇਗੀ ਜਾਂ ਫਿਰ ਆਗਿਆਕਾਰੀ ਨਹੀਂ ਹੋਵੇਗੀ। ਗੱਲ ਕੀ, ਕਿ ਕੋਈ ਨਾ ਕੋਈ ਦੁੱਖ ਸਤਾਉਂਦਾ ਹੀ ਰਹੇਗਾ।

ਬਾਬਾ ਫਰੀਦ ਜੀ ਇਨ੍ਹਾਂ ਦੁੱਖਾਂ ਬਾਰੇ ਸਮਝਾਉਂਦੇ ਹਨ:

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥
(ਅੰਗ ੧੩੮੨)

ਇਸ ਲਈ ਸਿਆਣਪ ਇਸੇ ਵਿੱਚ ਹੈ ਕਿ ਆਪਣੇ ਦੁੱਖਾਂ ਦੀ ਕਿਸੇ ਹੋਰ ਨਾਲ ਬਿਲਕੁਲ ਗੱਲ ਨਾ ਕਰੋ, ਸਗੋਂ ਉਸ ਪ੍ਰਮਾਤਮਾ ਦੇ ਹੁਕਮ ਅੰਦਰ ਜੋ ਦੁੱਖ-ਸੁੱਖ ਮਿਲ ਰਹੇ ਹਨ ਉਸ ਦਾ ਭਾਣਾ ਮਿੱਠਾ ਕਰਕੇ ਮੰਨਦੇ ਰਹੋ ਤੇ ਸਦਾ ਯਾਦ ਰੱਖੋ:

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਾਦਰਥੁ ਨਾਨਕੁ ਮਾਂਗੈ॥ (ਅੰਗ ੩੯੪)

ਦਰਅਸਲ ਅਸੀਂ ਸਾਰੇ ਹੀ ਇੱਕ ਦੂਸਰੇ ਨਾਲੋਂ ਜ਼ਿਆਦਾ ਦੁਖੀ ਹਾਂ। ਕਿਸੇ ਪਾਸੇ ਆਪਣੇ ਇੱਕ ਦੁੱਖ ਦੀ ਗੱਲ ਕਰੋ ਤਾਂ ਉਹ ਅਗੋਂ ਆਪਣੇ ਦੁੱਖਾਂ ਦੀਆਂ ਪੰਡਾਂ ਖੋਲ ਕੇ ਰੱਖ ਦੇਵੇਗਾ। ਜਿਵੇਂ:

ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ॥ ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ॥ ਅੰਗ ੧੨੪੦

ਮਨੁੱਖ ਨੂੰ ਪਰਖਣ ਦੀ ਕਸਵਟੀ ਦੁੱਖ ਤੇ ਸੁੱਖ ਹਨ। ਜਿਸ ਨੂੰ ਬਹੁਤ ਸੁੱਖ ਮਿਲ ਗਏ ਉਸ ਨੂੰ ਪ੍ਰਮਾਤਮਾ ਭੁੱਲ ਗਿਆ, ਹੰਕਾਰੀ ਹੋ ਗਿਆ ਤੇ ਪ੍ਰਮਾਤਮਾ ਦੇ ਮਾਰਗ ਤੇ ਨਾ ਚੱਲ ਸਕਿਆ। ਹੁਣ ਐਸਾ ਮਨੁੱਖ ਗੁਰਬਾਣੀ ਦਾ ਪਾਠ, ਕਥਾ ਕੀਰਤਨ ਕਰਨ ਸੁਣਨ ਨਾਲ ਸਿਧੇ ਰਾਹ ਤੇ ਨਹੀਂ ਆਵੇਗਾ ਸਗੋਂ ਕਦੇ ਦੁੱਖ ਦੀ ਚੋਟ ਨਾਲ ਹੀ ਜਾਗ ਖੁਲੇਗੀ। ਤਦੇ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ:

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥ ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥ (ਅੰਗ ੪੬੯)

ਦੁੱਖ ਸਦਾ ਪ੍ਰਮਾਤਮਾ ਦੀ ਕਰੋਪੀ ਨਹੀਂ ਹੁੰਦਾ। ਕਈ ਵਾਰ ਦੁੱਖ ਜੋ ਅਨੁਭਵ ਦੇ ਜਾਂਦਾ ਹੈ ਵੱਡੇ ਤੋਂ ਵੱਡਾ ਗਿਆਨ ਵੀ ਨਹੀਂ ਦੇ ਸਕਦਾ। ਜਿਸ ਚੋਟ ਨਾਲ ਕੋਈ ਜਾਗ ਕੇ ਸਿਧੇ ਰਸਤੇ ਆ ਜਾਵੇ, ਉਹ ਚੋਟ, ਚੋਟ ਨਹੀਂ ਸਗੋਂ ਉਸ ਦਾ ਸਵਾਗਤ ਕਰਨਾ ਚਾਹੀਦਾ ਹੈ।

ਸੰਸਾਰਿਕ ਪਦਾਰਥਾਂ ਦੇ ਸੁੱਖ ਕਦੇ ਵੀ ਸਦੀਵੀ ਖੁਸ਼ੀ ਨਹੀਂ ਦੇ ਸਕਦੇ। ਇਨ੍ਹਾਂ ਬਾਰੇ ਸਦਾ ਚਿੰਤਾ ਲੱਗੀ ਹੀ ਰਹਿੰਦੀ ਹੈ ਕਿ ਇਹ ਧਨ-ਦੌਲਤ, ਮਹਿਲ-ਮਾੜੀਆਂ ਤੇ ਇਜ਼ਤ-ਸਨਮਾਨ ਕੋਈ ਲੁਟ ਕੇ ਨਾ ਲੈ ਜਾਵੇ। ਜੇ ਪਾਸ ਵੀ ਰਿਹਾ ਤਾਂ ਆਖਰਕਾਰ ਬੁਢਾਪੇ ਵਿੱਚ ਇਹ ਸੁੱਖ ਉਂਝ ਹੀ ਨਹੀਂ ਭੋਗੇ ਜਾਣੇ ਤੇ ਅੰਤ ਮੌਤ ਨੇ ਇਕ ਦਿਨ ਸਭ ਖੇਲ ਖਤਮ ਕਰ ਦੇਣਾ ਹੈ। ਇਸ ਲਈ ਇਨ੍ਹਾਂ ਸੁੱਖਾਂ ਵਿੱਚ ਬਹੁਤ ਖਚਤ ਨਾ ਹੋਈਏ ਤੇ ਅਸਲੀ ਸਦੀਵੀ ਸੁੱਖ ਕੇਵਲ ਪ੍ਰਮਾਤਮਾ ਦੀ ਯਾਦ ਵਿੱਚ ਜੁੜ ਕੇ ਹੀ ਮਾਣਿਆ ਜਾ ਸਕਦਾ ਹੈ।

ਬਾਕੀ 16 ਪੰਨੇ 'ਤੇ

ਗੁਰੂ ਨਾਨਕ ਫਲਸਫਾ
ਇਕ ਸਮਾਜਿਕ ਕ੍ਰਾਂਤੀ



ਇੰਜ: ਜਸਵੰਤ ਸਿੰਘ

ਸੰਸਾਰ ਵਿੱਚ ਜਦੋਂ ਵੀ ਧਰਮ ਅਤੇ ਸਮਾਜਿਕ ਢਾਂਚੇ ਵਿੱਚ ਗਿਰਾਵਟ ਆਈ ਹੈ, ਉਦੋਂ ਹੀ ਅਕਾਲ ਪੁਰਖ ਨੇ ਕਿਸੇ ਮਹਾਨ ਪੁਰਸ਼ ਅਰਥਾਤ ਅਧਿਆਤਮਿਕ ਆਗੂ ਨੂੰ ਸੰਸਾਰ ਵਿੱਚ ਭੇਜਿਆ ਹੈ। ਹਜ਼ਰਤ ਮੂਸਾ ਨੇ ਯਹੂਦੀ ਧਰਮ ਅਤੇ ਹਜ਼ਰਤ ਈਸਾ ਨੇ ਈਸਾਈ ਧਰਮ ਦੀ ਸਥਾਪਨਾ ਕੀਤੀ। ਹਜ਼ਰਤ ਮੁਹੰਮਦ ਸਾਹਿਬ ਨੇ ਅਰਬ ਵਿੱਚ ਇਸਲਾਮ ਧਰਮ ਦੀ ਹੋਂਦ ਪੈਦਾ ਕੀਤੀ ਤੇ ਮਹਾਤਮਾ ਬੁੱਧ ਨੇ ਬੁੱਧ ਧਰਮ ਦੀ ਵਿਚਾਰਧਾਰਾ ਨਾਲ ਮਾਨਵਤਾ ਨੂੰ ਪ੍ਰੇਰਿਤ ਕੀਤਾ। ਇਸੇ ਤਰ੍ਹਾਂ ਪੁਰਾਤਨ ਸਮੇਂ ਵਿੱਚ ਹਿੰਦੂ ਧਰਮ ਅਤੇ ਜੈਨ ਮਤ ਦਾ ਵਿਕਾਸ ਭਾਰਤ ਵਿੱਚ ਹੋਇਆ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ਨ ਸੰਨ 1469 ਈਸਵੀ ਵਿੱਚ ਹੋਇਆ ਜੋ ਬਚਪਨ ਤੋਂ ਹੀ ਗੁਰੂ ਪ੍ਰਗਟ ਹੋਏ। ਗੁਰਬਾਣੀ ਵਿੱਚ ਜ਼ਿਕਰ ਆਉਂਦਾ ਹੈ ਕਿ:

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥ (ਅੰਗ 599)

ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿੱਚ ਆਈ ਬਹੁਪੱਖੀ ਗਿਰਾਵਟ ਵੇਖ ਕ, ਸੁਲਤਾਨਪੁਰ ਲੋਧੀ ਵਿਖੇ 'ਨਾ ਕੋ ਹਿੰਦੂ ਨਾ ਕੋ ਮੁਸਲਮਾਨ' ਕਹਿ ਕੇ ਪਰਿਵਰਤਨ ਦਾ ਨਾਅਰਾ ਲਾਇਆ ਅਤੇ ਮਨੁੱਖ ਦੇ ਪੁਨਰ ਨਿਰਮਾਣ ਲਈ, ਧਰਮ ਦੇ ਪੁਰਾਣੇ ਰੂਪ ਨੂੰ ਤੋੜ ਕੇ ਇੱਕ ਨਵਾਂ ਗਤੀਸ਼ੀਲ ਸਰੂਪ ਸਾਹਮਣੇ ਲਿਆਂਦਾ ਜਿਸ ਦੇ ਫਲਸਰੂਪ ਸਿੱਖ ਧਰਮ ਹੋਂਦ ਵਿੱਚ ਆਇਆ। ਉਸ ਸਮੇਂ ਭਾਰਤੀ ਸਾਮਜ ਚਾਰ ਵਰਣਾਂ ਵਿੱਚ ਵੰਡਿਆ ਹੋਇਆ ਸੀ। ਇਸ ਤੋਂ ਇਲਾਵਾ ਇਸਲਾਮੀ ਰਾਜ ਨੇ ਹਾਲਾਤ ਹੋਰ ਵੀ ਵਿਗਾੜ ਦਿੱਤੇ ਸਨ। ਗੁਰੂ ਨਾਨਕ ਦੇਵ ਜੀ ਨੇ ਆਪ ਆਪਣੀ ਬਾਣੀ ਵਿੱਚ ਉਸ ਵੇਲੇ ਦੇ ਹਾਲਾਤ ਦਾ ਜ਼ਿਕਰ ਕੀਤਾ ਹੈ ਕਿ ਕਾਜ਼ੀ ਬ੍ਰਾਹਮਣ ਤੇ ਜੋਗੀ ਤਿੰਨੇ ਵਰਗ ਸਮਾਜ ਨੂੰ ਭਰਮ-ਜਾਲ ਦੀਆਂ ਜ਼ੰਜੀਰਾਂ ਵਿੱਚ ਜਕੜ ਕੇ ਲੁੱਟ-ਖਸੁੱਟ ਕਰ ਰਹੇ ਸਨ ਅਤੇ ਸਮਕਾਲੀ ਹਾਕਮ ਵੀ ਲੋਕਾਂ ਨੂੰ ਆਪਣੇ ਜ਼ੁਲਮੋ-ਸਿਤਮ ਦਾ ਸ਼ਿਕਾਰ ਬਣਾਈ ਬੈਠੇ ਸਨ, ਜਿਸ ਦੇ ਕਾਰਣ ਧਰਮ, ਸਮਾਜ ਅਤੇ ਰਾਜਨੀਤੀ ਦੀਆਂ ਕਦਰਾਂ ਕੀਮਤਾਂ ਦਾ ਚੰਦਰਮਾ ਇੱਕ ਅੰਧੇਰੀ ਰਾਤ ਦੀ ਬੁੱਕਲ ਵਿੱਚ ਛੁਪਣ ਲਈ ਮਜ਼ਬੂਰ ਹੋ ਚੁੱਕਾ ਸੀ। ਗੁਰੂ ਨਾਨਕ ਦੇਵ ਜੀ ਬਾਣੀ ਵਿੱਚ ਫੁਰਮਾਉਂਦੇ ਹਨ ਕਿ:

ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥ (ਅੰਗ 662)

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ (ਅੰਗ 145)

ਗੁਰੂ ਨਾਨਕ ਦੇਵ ਜੀ ਅਜਿਹੇ ਮਹਾਨ ਕ੍ਰਾਂਤੀਕਾਰੀ ਧਾਰਮਿਕ ਆਗੂ ਸਨ ਜਿਨ੍ਹਾਂ ਦੀ ਵਿਚਾਰਧਾਰਾ ਨੇ ਸਾਰੀ ਮਨੁੱਖਤਾ ਨੂੰ ਇੱਕ ਮੁਕੰਮਲ ਫਲਸਫਾ ਦਿੱਤਾ ਜਿਸ ਦੇ ਫਲਸਰੂਪ ਸਮਾਜ ਵਿੱਚ ਇੱਕ ਸਰਵਪੱਖੀ ਅਤੇ ਕ੍ਰਾਂਤੀਕਾਰੀ ਇਨਕਲਾਬ ਆਇਆ। ਗੁਰੂ ਸਾਹਿਬ ਨੇ ਕਿਸੇ ਧਰਮ ਦਾ ਵਿਰੋਧ ਨਹੀਂ ਕੀਤਾ ਸਗੋਂ 'ਧਰਮ' ਨੂੰ ਅੰਧਵਿਸ਼ਵਾਸ਼ ਅਤੇ ਧਾਰਮਿਕ ਭੇਖਾਂ ਆਦਿ ਦੀ ਕੈਦ ਵਿਚੋਂ ਕੱਢ ਕੇ ਇਕ ਸੁਚੱਜੇ ਸਮਾਜ ਦੀ ਸਿਰਜਣਾ ਕੀਤੀ। ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਕਿਸੇ ਖਾਸ ਵਰਗ ਜਾਂ ਖਾਸ ਇਲਾਕੇ ਦੇ ਲੋਕਾਂ ਲਈ ਨਹੀਂ ਸੀ ਬਲਕਿ ਗੁਰੂ ਜੀ ਨੇ ਦੂਰ-ਦੂਰ ਤੱਕ ਜਾ ਕੇ ਸਾਰੀ ਮਾਨਵਤਾ ਨੂੰ ਆਪਣੀ ਵਿਚਾਰਧਾਰਾ ਨਾਲ ਪ੍ਰੇਰਿਤ ਕੀਤਾ। ਇਸ ਮੰਤਵ ਨੂੰ ਪੂਰਾ ਕਰਨ ਅਤੇ ਸਾਰਥਿਕ ਬਣਾਉਣ ਲਈ ਗੁਰੂ ਨਾਨਕ ਦੇਵ ਜੀ ਆਪਣੀਆਂ

ਉਦਾਸੀਆਂ ਦੌਰਾਨ ਢਾਕਾ, ਆਸਾਮ, ਲੰਕਾ, ਤਿੱਬਤ, ਨੇਪਾਲ, ਮੱਕਾ, ਮਦੀਨਾ, ਬਗਦਾਦ, ਕਾਬਲ ਆਦਿ ਅਸਥਾਨਾਂ ਤੇ ਗਏ ਅਤੇ ਸਥਾਨਕ ਇਲਾਕੇ ਦੇ ਪੰਡਤਾਂ, ਕਾਜ਼ੀਆਂ, ਜੋਗੀਆਂ, ਨਾਥਾਂ, ਪੀਰਾਂ, ਫਕੀਰਾਂ ਨਾਲ ਵਿਚਾਰ ਗੋਸ਼ਟੀਆਂ ਕਰਕੇ ਪ੍ਰਮਾਤਮਾ ਦੀ ਸਰਵ ਵਿਆਪਕਤਾ ਅਤੇ ਸਾਂਝੀਵਾਲਤਾ ਦਾ ਸਿਧਾਂਤ ਸਪੱਸ਼ਟ ਕੀਤਾ। ਗੁਰੂ ਸਾਹਿਬ ਦੀ ਵਿਚਾਰਧਾਰਾ ਦੀ ਬੁਨਿਆਦ ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਛਕਣਾ ਦੇ ਸਿਧਾਂਤਾਂ ਤੇ ਅਧਾਰਿਤ ਹੈ। ਗੁਰੂ ਨਾਨਕ ਦੇਵ ਜੀ ਨੇ ਸੱਭ ਤੋਂ ਪਹਿਲਾਂ ਇਹ ਸੰਦੇਸ਼ ਦਿੱਤਾ ਕਿ ਸਾਰੇ ਲੋਕ ਆਪਣੇ ਆਪ ਨੂੰ ਧਰਮਾਂ ਵਿੱਚ ਵੰਡ ਕੇ ਵੇਖਣ ਦੀ ਥਾਂ ਇੱਕ ਇਨਸਾਨ ਦੇ ਰੂਪ ਵਿੱਚ ਵੇਖਣ। ਗੁਰੂ ਨਾਨਕ ਦੇਵ ਜੀ ਨੇ ਸਮਾਜਿਕ ਬਿਖਰਾਓ ਨੂੰ ਸ਼ਾਂਤ ਕਰਦਿਆਂ ਐਲਾਨ ਕੀਤਾ ਕਿ ਸਾਰੇ ਮਨੁੱਖ ਬਰਾਬਰ ਹਨ ਅਤੇ ਸਾਰੀ ਮਨੁੱਖਤਾ ਦਾ ਸਿਰਜਣਹਾਰ ਇਕੋ ਪ੍ਰਮਾਤਮਾ ਹੈ, ਜੋ ਸਰਵ-ਵਿਆਪਕ ਹੈ। ਗੁਰੂ ਨਾਨਕ ਫਲਸਫਾ ਇਸ ਤੱਥ ਦੀ ਵੀ ਹਾਮੀ ਭਰਦਾ ਹੈ ਕਿ ਸਾਰੀ ਮਾਨਵਤਾ ਵਿੱਚ ਇਕੋ ਸਿਰਜਣਹਾਰ ਪ੍ਰਮਾਤਮਾ ਦੀ ਜੋਤ ਹੈ। ਜਿਸ ਦੇ ਫਲਸਰੂਪ ਸਾਰੇ ਜੀਵਾਂ ਵਿੱਚ ਚੇਤਨਾ ਅਤੇ ਸੁਰਤ ਦਾ ਚਾਨਣ ਹੋ ਰਿਹਾ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥
(ਅੰਗ 663)

ਇਸ ਪ੍ਰਕਾਰ ਗੁਰੂ ਨਾਨਕ ਫਲਸਫਾ ਇਸ ਤੱਥ ਨੂੰ ਵੀ ਉਜਾਗਰ ਕਰਦਾ ਕਿ ਹਰ ਮਨੁੱਖ ਕਿਸੇ ਧਰਮ ਨਾਲ ਜੁੜਨ ਤੋਂ ਪਹਿਲਾਂ ਇਕ ਇਨਸਾਨ ਹੈ। ਇਨਸਾਨ ਦੀ ਜੀਵਨ ਮਰਯਾਦਾ ਇਨਸਾਨੀਅਤ ਹੈ ਜੋ ਇਨਸਾਨ ਦਾ ਸਰਵੋਤਮ ਧਰਮ ਹੈ। ਸਾਰੇ ਧਰਮਾਂ ਦੀ ਧਾਰਮਿਕ ਮਰਯਾਦਾ ਇਨਸਾਨੀਅਤ ਧਰਮ ਤੋਂ ਪ੍ਰੇਰਿਤ ਹੈ (Every Dharma is Governed by Humanity)

ਗੁਰੂ ਨਾਨਕ ਦੇਵ ਜੀ ਨੇ ਵਰਣ ਵੰਡ ਦਾ ਖੰਡਨ ਕੀਤਾ ਅਤੇ ਸਾਰੀ ਮਾਨਵਤਾ ਨੂੰ ਬਰਾਬਰੀ ਦਾ ਦਰਜਾ ਦੇ ਕੇ ਛੋਟੀ ਜਾਤਿ ਦੇ ਲੋਕਾਂ ਵਿੱਚ ਇਕ ਸਨਮਾਨ ਭਰੀ ਜ਼ਿੰਦਗੀ ਜੀਊਣ ਦਾ ਜਜ਼ਬਾ ਪੈਦਾ ਕੀਤਾ। ਸ਼ੂਦਰ ਵਰਗ ਨੂੰ ਇੰਨਾਂ ਨੀਚ ਅਤੇ ਅਛੂਤ ਸਮਜਿਆ ਜਾਂਦਾ ਸੀ ਕਿ ਉਨ੍ਹਾਂ ਨੂੰ ਰੱਬੀ ਗਿਆਨ ਪ੍ਰਾਪਤ ਕਰਨ ਦਾ ਵੀ ਹੱਕ ਨਹੀਂ ਸੀ। ਇਸੇ ਤਰ੍ਹਾਂ ਔਰਤ ਜਾਤਿ ਨੂੰ ਵੀ ਸਮਾਜਿਕ ਅਤੇ ਧਾਰਮਿਕ ਖੇਤਰ ਵਿੱਚ ਯੋਗ ਸਥਾਨ ਨਹੀਂ ਸੀ ਦਿੱਤਾ ਜਾਂਦਾ। ਗੁਰੂ ਨਾਨਕ ਦੇਵ ਜੀ ਨੇ ਔਰਤਾਂ ਬਾਰੇ ਸਮਾਜਿਕ ਦ੍ਰਿਸ਼ਟੀਕੋਣ ਬਦਲਣ ਦਾ ਪ੍ਰਚਾਰ ਕੀਤਾ ਅਤੇ ਗਲਤ ਸੋਚਣੀ ਵਾਲੇ ਲੋਕਾਂ ਨੂੰ ਸਮਝਾਇਆ ਕਿ ਭਲੇ ਲੋਕੋ! ਤੁਸੀਂ ਰਾਜੇ ਨੂੰ ਤਾਂ ਨਿਹਕਲੰਕੀ ਆਖਦੇ ਹੋ, ਪਰ ਰਾਜੇ ਦੀ ਜਨਣੀ ਨੂੰ ਕਲੰਕਣੀ, ਜੋ ਠੀਕ ਨਹੀਂ। ਗੁਰੂ ਨਾਨਕ ਦੇਵ ਜੀ ਬਾਣੀ ਵਿੱਚ ਫੁਮਾਉਂਦੇ ਹਨ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (ਅੰਗ 473)

ਗੁਰੂ ਨਾਨਕ ਦੇਵ ਜੀ ਨੇ ਕਿਰਤੀ ਵਰਗ ਦੇ ਲੋਕਾਂ ਨਾਲ ਹਮਦਰਦੀ ਅਤੇ ਸਾਂਝ ਕਾਇਮ ਕੀਤੀ। ਗੁਰੂ ਜੀ ਨੇ ਮਲਕ ਭਾਗੋ ਦੇ ਪੂੜਿਆਂ ਨਾਲੋਂ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਉੱਤਮ ਸਮਝਿਆ। ਛੋਟੀ ਜਾਤਿ ਨਾਲ ਸੰਬੰਧਤ ਭਾਈ ਮਰਦਾਨੇ ਨੂੰ ਆਪਣਾ ਪੱਕਾ ਸਾਥੀ ਬਣਾਇਆ ਅਤੇ ਇਸ ਪ੍ਰਕਾਰ ਗੁਰੂ ਜੀ ਨੇ ਜਾਤ ਦੀ ਥਾਂ ਜੋਤ ਨੂੰ ਮਾਨਤਾ ਅਤੇ ਮਹਾਨਤਾ ਪ੍ਰਦਾਨ ਕੀਤੀ ਅਤੇ ਫੁਰਮਾਇਆ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (ਅੰਗ 15)

ਗੁਰੂ ਨਾਨਕ ਦੇਵ ਜੀ ਨੇ ਜਿੱਥੇ ਸਮਾਜਿਕ ਢਾਂਚੇ ਨੂੰ ਬਦਲਿਆ ਉੱਥੇ ਸਮਾਜ ਦੇ ਦੁੱਖ-ਸੁੱਖ ਨਾਲ ਵੀ ਸਾਂਝ ਪਾਈ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਬਾਬਰ ਦੇ ਹਮਲੇ ਸਮੇਂ ਜਦੋਂ ਐਮਨਾਬਾਦ (ਸੈਦਪੁਰ) ਵਿਖੇ ਮਨੁੱਖਤਾ ਤੇ ਹੁੰਦੇ ਜ਼ੁਲਮ ਦੇ ਕਹਿਰ ਨੂੰ ਗੁਰੂ ਸਾਹਿਬ ਨੇ ਅੱਖੀਂ ਦੇਖਿਆ ਤਾਂ ਦਰਦ ਭਰੇ ਗਲੇ ਦੀ ਆਵਾਜ਼ ਨਾਲ ਕਰਤਾਰ ਨਾਲ ਇਹ ਕਹਿੰਦਿਆਂ ਗਿਲੇ-ਸ਼ਿਕਵੇ ਕਰਨ ਲੱਗੇ:

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨ ਆਇਆ ॥ (ਅੰਗ 360)

ਗੁਰੂ ਨਾਨਕ ਦੇਵ ਜੀ ਨੇ ਸਮਾਜਿਕ ਬਿਖਰਾਓ, ਜਾਤ-ਪਾਤ ਅਤੇ ਊਚ-ਨੀਚ ਦੀ ਭਾਵਨਾ ਨਾਲ ਇਲਿਪਤ ਸਮਾਜਿਕ ਸੋਚ ਨੂੰ ਸਹੀ ਦਿਸ਼ਾ ਦੇਣ ਲਈ ਸੰਗਤ ਅਤੇ ਪੰਗਤ ਦੀ ਪ੍ਰਥਾ ਸ਼ੁਰੂ ਕੀਤੀ, ਜਿਸ ਨੂੰ ਬਾਕੀ ਗੁਰੂ ਸਾਹਿਬਾਨ ਨੇ ਹੋਰ ਪ੍ਰਚਲੱਤ ਕੀਤਾ। ਸਮਾਜ ਨੂੰ

ਆਤਮਿਕ ਸ਼ਕਤੀ ਨੂੰ ਪ੍ਰਫੁਲੱਤ ਕਰਨ ਲਈ ਮਹਾਂ ਪੁਰਸ਼ਾਂ ਦੀ ਸੰਗਤ ਜ਼ਰੂਰੀ ਹੈ। ਇਸੇ ਤਰ੍ਹਾਂ ਪੰਗਤ ਦੀ ਪ੍ਰਥਾ ਵੀ ਕਾਫੀ ਮਹੱਤਵ ਹੈ, ਜਿਸ ਦੇ ਅਮਲ ਸਦਕਾ ਗਰੀਬ-ਅਮੀਰ ਅਤੇ ਹਰ ਵਰਗ ਦੇ ਲੋਕ ਇਕੋ ਹੀ ਸਥਾਨ ਤੇ ਬਰਾਬਰੀ ਦੀ ਪੰਗਤ ਵਿੱਚ ਬੈਠ ਕੇ ਲੰਗਰ ਛਕਦੇ ਹਨ। ਇਸ ਨਾਲ ਇਸ ਧਾਰਨਾ ਨੂੰ ਬੱਲ ਮਿਲਦਾ ਹੈ ਕਿ ਹਰ ਇਨਸਾਨ ਇੱਕ ਬਰਾਬਰ ਹੈ ਅਤੇ ਇਹੀ ਧਾਰਨਾ ਸਮਾਜ ਨੂੰ ਸੱਚੇ ਭਾਈਚਾਰੇ ਨਾਲ ਜੋੜਦੀ ਹੈ। ਇਸ ਪ੍ਰਕਾਰ ਸੰਗਤ ਅਤੇ ਪੰਗਤ ਦੀ ਪ੍ਰਥਾ ਗੁਰੂ ਨਾਨਕ ਫਲਸਫੇ ਦਾ ਕੇਂਦਰ ਹੈ। ਗੁਰੂ ਨਾਨਕ ਫਲਸਫੇ ਦੀ ਵਿਚਾਰਧਾਰਾ ਜਿੰਨੀ ਉੱਚੀ-ਸੁੱਚੀ ਤੇ ਵਿਸ਼ਾਲ ਹੈ, ਮਨੁੱਖ ਅਜੇ ਵੀ ਉਸ ਪੱਧਰ ਤੱਕ ਪਹੁੰਚ ਨਹੀਂ ਸਕਿਆ ਤੇ ਨਾ ਹੀ ਵੱਖ-ਵੱਖ ਧਰਮਾਂ ਦੀ ਸੋਚ ਤੋਂ ਉੱਪਰ ਉੱਠ ਕੇ ਗੁਰੂ ਨਾਨਕ ਫਿਲਾਸਫੀ ਅਨੁਸਾਰ ਆਪਣੀ ਜੀਵਨ ਪ੍ਰਵਿਰਤੀ ਨੂੰ ਬਦਲ ਸਕਿਆ ਹੈ। ਇਨਸਾਨ ਆਪਣੇ ਆਪਣੇ ਧਰਮ ਦੀ ਸਾਰਥਿਕਤਾ ਦੀ ਵਕਾਲਤ ਕਰਕੇ ਵਾਹਵਾ ਖੱਟਣ ਦੀ ਦੌੜ ਵਿੱਚ ਵਿਅਸਥ ਹੈ, ਪਰ ਧਰਮ ਦੇ ਮੂਲ ਸਿਧਾਂਤਾਂ ਬਾਰੇ ਅੱਜ ਵੀ ਅਗਿਆਨਤਾ ਦਾ ਸ਼ਿਕਾਰ ਹੈ। ਗੁਰੂ ਨਾਨਕ ਫਲਸਫੇ ਅਨੁਸਾਰ ਧਰਮ ਦੀ ਪਰਿਭਾਸ਼ਾ ਹੈ, ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨਾ ਅਤੇ ਸ਼ੁਭ ਕਰਮ ਕਰਨੇ, ਜਿਸ ਬਾਰੇ ਪੰਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਇਲਾਹੀ ਬਾਣੀ ਵਿੱਚ ਸਪੱਸ਼ਟ ਕਰਦੇ ਹਨ ਕਿ:

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥

(ਅੰਗ 266)

ਸਮੇਂ ਦੀ ਲੋੜ ਹੈ ਕਿ ਗੁਰੂ ਨਾਨਕ ਫਲਸਫੇ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਅਮਲੀ ਰੂਪ ਦੇ ਕੇ ਸਾਰੀ ਮਨੁੱਖਤਾ ਨੂੰ ਇੱਕ ਸੱਚੇ ਇਨਸਾਨੀ ਭਾਈਚਾਰੇ ਨਾਲ ਜੋੜਿਆ ਜਾਵੇ ਅਤੇ ਇਨਸਾਨ ਦੀ ਇਨਸਾਨੀਅਤ ਨੂੰ ਇੱਕ ਸਰਵੋਤਮ ਧਰਮ ਦੇ ਰੂਪ ਵਿੱਚ ਸਦਾ ਲਈ ਕਾਇਮ ਰੱਖਿਆ ਜਾਵੇ ਕਿਉਂਕਿ:

ਇਨਸਾਨੀਅਤ ਵਿੱਚ ਵਸਦਾ ਇਨਸਾਨ ਹੈ।
ਇਨਸਾਨ ਵਿੱਚ ਵਸਦਾ ਭਗਵਾਨ ਹੈ।

7589264221

****

ਸਫ਼ਾ 13 ਦਾ ਬਾਕੀ

ਵੇਖੀਏ ਤਾਂ ਸਭ ਸੁੱਖ ਦੇ ਸਾਥੀ ਹਨ। ਜਦੋਂ ਅਸੀਂ ਕਿਸੇ ਦੀ ਕੋਈ ਲੋੜ ਪੂਰੀ ਕਰਦੇ ਹਾਂ ਤੇ ਉਸ ਨੂੰ ਸੁੱਖ ਦਿੰਦੇ ਹਾਂ ਤਾਂ ਹੀ ਉਹ ਸਾਨੂੰ ਆਪਣਾ ਕਹਿੰਦਾ ਹੈ। ਜਿਸ ਦਿਨ ਉਨ੍ਹਾਂ ਦਾ ਸਵਾਰਥ ਪੂਰਾ ਹੋ ਗਿਆ। ਉਸ ਦਿਨ ਉਹ ਸਾਡੇ ਪਾਸ ਨਹੀਂ ਆਉਣਗੇ। ਬੱਸ! ਤੂੰ ਕੌਣ ਤੇ ਮੈਂ ਕੌਣ। ਗੱਲ ਕੀ, ਕਿ ਕੋਈ ਕਿਸੇ ਦਾ ਨਹੀਂ:

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ
ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ ॥
ਜਿਤੁ ਦਿਨਿ ਉਨ ਕਾ ਸੁਆਉ ਹੋਇ ਨ ਆਵੈ
ਤਿਤੁ ਦਿਨਿ ਨੇੜੈ ਕੋ ਨ ਢੁਕਾਸਾ ॥

(ਅੰਗ ੪੯੦)

ਇਹ ਠੀਕ ਹੈ ਕਿ ਸਭ ਧੀਆਂ-ਪੁੱਤਰ, ਰਿਸ਼ਤੇਦਾਰ -ਮਿੱਤਰ ਸਭ ਸੁੱਖਾਂ ਦੇ ਹੀ ਸਾਥੀ ਹਨ ਪਰ ਸਾਡਾ ਇੱਕ ਅਸਲੀ ਸਦਾ ਨਾਲ ਰਹਿਣ ਵਾਲਾ ਪੱਕਾ ਸਾਥੀ ਹੈ ਜਿਸ ਨੂੰ ਅਸੀਂ ਭੁਲਾਈ ਰਖਦੇ ਹਾਂ। ਉਹ ਹੈ ਪ੍ਰਮਾਤਮਾ।

ਇਹ ਸੰਸਾਰ ਦੋ ਰੰਗੀ ਹੈ। ਇਸ ਲਈ ਦੁੱਖ ਤੇ ਸੁੱਖ, ਦਿਨ ਤੇ ਰਾਤ, ਸਰਦੀ ਤੇ ਗਰਮੀ, ਅਮੀਰੀ ਤੇ ਗਰੀਬੀ, ਇਜ਼ਤ ਤੇ ਬੇਇਜ਼ਤੀ ਅਤੇ ਜਨਮ ਤੇ ਮਰਨ ਸਭ ਆਪੋ ਵਿੱਚ ਜੁੜੇ ਹੋਏ ਹਨ। ਐਸਾ ਕੋਈ ਵੀ ਸੁੱਖ ਨਹੀਂ ਜੋ ਜਲਦੀ ਹੀ ਦੁੱਖ ਵਿੱਚ ਬਦਲ ਨਾ ਜਾਂਦਾ ਹੋਵੇ। ਇੱਕ ਦਾ ਨਾਮ ਲਵੋ, ਦੂਸਰਾ ਨਾਲ ਖੜਾ ਹੈ। ਇਸ ਲਈ ਇਸ ਦੋ ਰੰਗੀ ਸੰਸਾਰ ਵਿੱਚ ਜੋ ਕੋਈ ਇੱਕ ਨੂੰ ਲੱਭਣ ਦਾ ਯਤਨ ਕਰੇਗਾ ਤਾਂ ਉਹ ਮੂਰਖ ਹੈ। ਭਗਤਾਂ ਤੇ ਗੁਰੂਆਂ ਨੂੰ ਇਹ ਦੋ ਰੰਗ ਨਜ਼ਰ ਆਏ ਤੇ ਉਨ੍ਹਾਂ ਨੇ ਇਨ੍ਹਾਂ ਦੋਹਾਂ ਨੂੰ ਪ੍ਰਵਾਨ ਕਰਨ ਦਾ ਉਪਦੇਸ਼ ਦਿੱਤਾ। ਜਿਵੇਂ ਭਗਤ ਨਾਮਦੇਵ ਜੀ ਸਮਝਾਉਂਦੇ ਹਨ:

ਜੌ ਰਾਜੁ ਦੇਹਿ ਤ ਕਵਨ ਬਡਾਈ ॥
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥

(ਅੰਗ ੫੨੫)

ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੁੱਖ ਨੂੰ ਸੁੱਖ ਕਰਕੇ ਹੀ ਮੰਨਦੇ ਹਨ ਤੇ ਉਨ੍ਹਾਂ ਦਾ ਬੜਾ ਪਿਆਰਾ ਤੇ ਸਿਖਿਆਇਕ ਉਪਦੇਸ਼ ਹੈ:

ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੀ ਏਕੀ ਨੇਤੈ ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥ (ਅੰਗ ੧੩੦੨)

9814007847

****

ਕਿਵੇਂ ਕੀਤਾ ਜਾਵੇ ਸਿੱਖੀ ਦਾ ਧਰਮ ਪ੍ਰਚਾਰ

ਸਰਬਜੀਤ ਸਿੰਘ ਛੱਮਟ

ਭਾਵੇਂ ਦੇਰ ਨਾਲ ਹੀ ਸਹੀ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਪੂਰੀ ਸਰਗਰਮੀ ਨਾਲ 'ਧਰਮ ਪ੍ਰਚਾਰ' ਵੱਲ ਕਰਵਟ ਲਈ ਹੈ। ਇਸ ਲਈ ਪੰਜਾਬ ਦੇ ਖਿੱਤੇ ਨੂੰ ਤਿੰਨ ਹਿੱਸਿਆ ਭਾਵ ਮਾਲਵਾ, ਦੋਆਬਾ ਅਤੇ ਮਾਝਾ ਵਿੱਚ ਵੰਡਿਆ ਗਿਆ ਹੈ। ਇਸ ਦੀ ਸ਼ੁਰੂਆਤ ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਕਿਰਪਾਲ ਸਿੰਘ ਬਡੂੰਗਰ ਵਲੋਂ 01 ਜੁਲਾਈ 2017 ਨੂੰ ਸ੍ਰੀ ਦਮਦਮਾ ਸਾਹਿਬ ਤੋਂ ਕੀਤੀ ਗਈ।

ਦੂਜੇ ਪੜਾਅ ਦੀ ਆਰੰਭਤਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ 31 ਜੁਲਾਈ 2017 ਨੂੰ ਹੋਈ ਹੈ। ਇਸ ਵਿੱਚ ਧਾਰਮਿਕ (ਸ਼੍ਰੋਮਣੀ ਕਮੇਟੀ) ਮੈਂਬਰ ਦੇ ਨਾਲ ਇਕ ਇਕ ਰਾਗੀ, ਢਾਡੀ ਤੇ ਪ੍ਰਚਾਰਕ ਦੀ ਕਮੇਟੀ ਬਣਾ ਕੇ ਪਿੰਡ-ਪਿੰਡ ਧਰਮ ਪ੍ਰਚਾਰ ਕਰਨ ਵੱਲ ਕਦਮ ਵਧਾਇਆ ਗਿਆ ਹੈ। ਇਹ ਬੜਾ ਵਧੀਆ ਕਦਮ ਹੈ ਪਰ ਕੀ ਸਾਡੇ ਧਰਮ ਦੇ ਪ੍ਰਚਾਰਕ ਆਪਣੀ ਗੱਲ ਲੋਕਾਂ ਤੱਕ ਪਹੁੰਚਾਉਣ ਦੀ ਸਮਰੱਥਾ ਵੀ ਰੱਖਦੇ ਹਨ।

ਅਜੋਕੇ ਪੰਜਾਬ ਦੀ ਸਥਿਤੀ ਅਨੁਸਾਰ ਕੇਵਲ ਰਵਾਇਤੀ ਕਿਸਮ ਦਾ ਧਰਮ ਪ੍ਰਚਾਰ ਸਿੱਖੀ ਨੂੰ ਪ੍ਰਫੁਲਿਤ ਨਹੀਂ ਕਰ ਸਕੇਗਾ। ਪੰਜਾਬ ਦੀ ਕਿਸਾਨੀ ਨਿਰਾਸ਼ਤਾ ਭਰੇ ਹਾਲਾਤ ਵਿੱਚ ਦਿਨ ਕਟੀ ਕਰ ਰਹੀ ਹੈ। ਨਿੱਤ ਦਿਨ ਦੀਆਂ ਅਖਬਾਰਾਂ ਆਤਮ ਹੱਤਿਆਵਾਂ ਨਾਲ ਭਰੀਆਂ ਪਈਆਂ ਹੁੰਦੀਆਂ ਹਨ। ਕਿਸਾਨੀ ਖੁਦਕੁਸ਼ੀਆਂ ਦੇ ਅਮਲ ਵਿੱਚ ਮਹਾਂਰਾਸ਼ਟਰ ਤੋਂ ਬਾਅਦ ਪੰਜਾਬ ਦੂਜੇ ਨੰਬਰ ਤੇ ਆਉਂਦਾ ਹੈ।

ਕਿਸਾਨ ਕਰਜ਼ੇ ਚੁੱਕ ਕੇ ਆਲੀਸ਼ਾਨ ਕੋਠੀਆਂ ਖੜ੍ਹੀਆਂ ਕਰ ਰਹੇ ਹਨ। ਕੁੜੀਆਂ ਦੇ ਵਿਆਹਾਂ ਤੇ ਲੱਖਾਂ ਰੁਪਈਆਂ ਮੈਰਿਜ ਪੈਲੇਸਾਂ ਵਿੱਚ ਲੁਟਾ ਰਹੇ ਹਨ। ਵਧੀਆ ਕਾਰਾਂ ਤੇ ਖਰੀਦੇ ਮੋਟਰ ਸਾਈਕਲ ਅਸਲ ਕੰਮ ਲਈ ਲਏ ਕਰਜ਼ੇ ਦੀਆਂ ਕਿਸ਼ਤਾਂ ਮੋੜਨ ਵਿੱਚ ਰੁਕਾਵਟ ਬਣਦੇ ਹਨ। ਖੇਤੀ ਕੰਮ ਲਈ ਲਿਆ ਕਰਜ਼ਾ ਉਪਰ ਦੱਸੇ ਕੰਮਾਂ ਤੇ ਖਰਚ ਕਰਕੇ ਕਰਜ਼ਾ ਕਿਵੇਂ ਮੁੜੇਗਾ। ਮਰਗ ਦੇ ਭੋਗਾਂ ਤੇ ਨੱਕ ਰੱਖਣ ਲਈ ਫਜ਼ੂਲ ਖਰਚੀ ਕੀਤੀ ਜਾਂਦੀ ਹੈ। ਸਬਰ ਸੰਤੋਖ ਤੇ ਸਾਦਗੀ ਵਾਲਾ ਜੀਵਨ ਕਿਤੇ ਵੀ ਨਹੀਂ ਦਿਸਦਾ।

ਅੱਜ ਦੇ ਸਮੇਂ ਵਿੱਚ ਜੇ ਸਿੱਖੀ ਦਾ ਪ੍ਰਚਾਰ ਤੇ ਪਾਸਾਰ ਕਰਨਾ ਹੈ ਤਾਂ ਪਦਾਰਥਾਂ ਮਗਰ ਲੱਗੀ ਸਿੱਖੀ ਨੂੰ ਜਿਉਣ ਦੇ ਸਹੀ ਰਸਤੇ ਦੱਸਣੇ ਪੈਣਗੇ। ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਸਹੀ ਰਾਹ ਤਲਾਸ਼ਣੇ ਪੈਣਗੇ। ਜਿੰਦਗੀ ਜਿਉਣ ਲਈ ਉਤਸ਼ਾਹ ਪੈਦਾ ਕਰਨਾ ਪਵੇਗਾ ਤੇ ਸੁਹਜ ਸਲੀਕਾ ਸਿਖਾਉਣਾ ਪੈਣਾ ਹੈ।

ਸਮੇਂ ਦੀ ਲੋੜ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਅਧੀਨ ਕੰਮ ਕਰ ਰਹੇ ਪ੍ਰਚਾਰਕਾਂ, ਢਾਡੀਆਂ, ਮੈਂਬਰਾਂ ਰਾਹੀਂ ਕਰਜ਼ਿਆਂ ਦੇ ਫਸੇ ਜਾਲ ਵਿੱਚ ਕਿਸਾਨਾਂ ਨੂੰ ਕੱਢਣ ਤੇ ਖੁਦਕੁਸ਼ੀਆਂ ਤੋਂ ਬਚਾਉਣ ਲਈ ਗੁਰਮਤਿ ਅਨੁਸਾਰ ਕੋਈ ਕਾਰਗਰ ਰਾਹ ਤਲਾਸ਼ੇ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਅਧਿਕਾਰੀਆਂ ਤੇ ਮੁਲਾਜ਼ਮਾਂ ਵੱਲੋਂ ਸਾਦੇ ਵਿਆਹ ਤੇ ਸਾਦੇ ਭੋਗਾਂ ਦੀ ਸ਼ੁਰੂਆਤ ਕੀਤੀ ਜਾਵੇ ਤਾਂ ਹੀ ਸਮਾਜ ਨੂੰ ਬੜਾ ਕਾਰਗਰ ਸੁਨੇਹਾ ਜਾਵੇਗਾ।

ਲੋਕਾਂ ਨੂੰ ਵਾਤਾਵਰਣ ਦੂਸ਼ਿਤ ਹੋਣ ਦੀ ਸਿੱਖਿਆ, ਸੜਕਾਂ ਤੇ ਲਾਪ੍ਰਵਾਹੀ ਨਾਲ ਚੱਲਣ ਤੇ ਨੌਜਵਾਨਾਂ ਨੂੰ ਮੋਬਾਇਲਾਂ ਦੀ ਬੇਲੋੜੀ ਵਰਤੋਂ ਖਾਸਕਰ ਸੈਲਫੀਆਂ ਖਿੱਚਣ ਤੋਂ ਰੋਕਣਾ ਵੀ ਧਰਮ ਪ੍ਰਚਾਰ ਦਾ ਹਿੱਸਾ ਹੋਣਾ ਚਾਹੀਦਾ ਹੈ। ਸੱਚੀ ਸੁੱਚੀ ਕਿਰਤ ਕਰਨੀ, ਵੰਡ ਛਕਣਾ, ਸੱਚ ਬੋਲਣਾ ਆਦਿ ਵਰਗੀਆਂ ਨੈਤਿਕ ਕਦਰਾਂ ਕੀਮਤਾਂ ਦਾ ਧਾਰਨੀ ਬਣਾਉਣਾ ਵੀ ਧਰਮ ਪ੍ਰਚਾਰ ਦਾ ਹੀ ਹਿੱਸਾ ਹੋਣਾ ਚਾਹੀਦਾ ਹੈ।

ਧਰਮ ਪ੍ਰਚਾਰ ਕਰਨ ਲਈ ਕੇਵਲ ਗੁਰਦੁਆਰਿਆਂ ਦੀਆਂ ਸਟੇਜਾਂ ਕਾਫੀ ਨਹੀਂ। ਪਿੰਡਾਂ ਦੀਆਂ ਸੱਥਾਂ ਅਤੇ ਲੋਕਾਂ ਨਾਲ ਸਿੱਧਾਂ ਸੰਪਰਕ ਕਰਨਾ ਇਸ ਪ੍ਰਚਾਰ ਵਿੱਚ ਸਹਾਈ ਹੋਵੇਗਾ। ਪ੍ਰਚਾਰਕਾਂ ਨੂੰ ਆਨੰਦਪੁਰੀ ਵਿਚਾਰਾਧਾਰਾ ਨੂੰ ਵੱਡਾ ਸੂਤਰ ਬਣਾਉਣਾ ਪਵੇਗਾ। ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਹਿਮਾਚਲ ਦੀ ਤਰ੍ਹਾਂ ਵਿਦੇਸ਼ਾਂ ਵਿੱਚ ਮਿਸ਼ਨ ਸਥਾਪਤ ਕਰਕੇ ਧਰਮ ਦਾ ਪ੍ਰਚਾਰ ਕਰਨ ਲਈ ਲਹਿਰ ਸ਼ੁਰੂ ਕੀਤੀ ਜਾਵੇ।

ਲੋਕਾਂ ਦੇ ਸੰਭਾਵਤ ਸਵਾਲਾਂ ਦੇ ਜਵਾਬ ਦੇਣ ਲਈ ਵੀ

ਬਾਕੀ 24 ਪੰਨੇ 'ਤੇ



ਨਾਨਕ ਬਾਣੀ ਦਾ ਸਮਾਜਿਕ ਪੱਖ

ਦਲਜੀਤ ਕੌਰ ਦਾਊਂ

ਗੁਰੂ ਨਾਨਕ ਦਾ ਮੂਲ ਸੰਦੇਸ਼ ਸੀ ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ।

ਇਕ ਦਿਨ ਯਾਤਰਾ 'ਚ ਚਲਦੇ ਚਲਦੇ ਸੈਦਪੁਰ ਸ਼ਹਿਰ ਪੁੱਜ ਗਏ ਗੁਰੂ ਨਾਨਕ ਦੇਵ ਅਤੇ ਮਰਦਾਨਾ। ਸ਼ਹਿਰ ਦੇ ਨਾਲ ਹੀ ਅਫਗਾਨ ਫੌਜਦਾਰ ਜਾਲਮਖਾਨ (ਨਵਾਬ) ਦੀ ਛਾਉਣੀ ਸੀ। ਉਸ ਦਾ ਦਿਵਾਨ ਮਲਿਕ ਭਾਗੋ ਬੜਾ ਹੀ ਲੋਭੀ ਸੀ। ਉਹ ਗਰੀਬ ਲੋਕਾਂ ਤੋਂ ਨਾਜਾਇਜ ਟੈਕਸ ਵਸੂਲ ਕਰਕੇ ਹੁਕਮਰਾਨ ਜਾਲਮਖਾਨ ਦਾ ਖਜਾਨਾ ਭਰਦਾ ਸੀ। ਮਨੂੰ ਨੇ ਜੱਟ, ਤ੍ਰਖਾਣ, ਲੁਹਾਰ, ਸੁਨਿਆਰ, ਨਾਈ, ਝਿਊਰ ਇਕੋ ਵਰਣ ਵਿੱਚ ਰੱਖੇ ਸਨ ਜੋ ਬ੍ਰਾਹਮਣ, ਖੱਤਰੀ ਜਾਤ ਤੋਂ ਨੀਵੇਂ ਰੱਖੇ ਗਏ ਅਛੂਤਾਂ ਤੋਂ ਉੱਚੇ। ਗੁਰੂ ਨਾਨਕ, ਲਾਲੋ ਤ੍ਰਖਾਣ ਦੇ ਘਰ ਪੁੱਜ ਗਏ ਜੋ ਇਨ੍ਹਾਂ ਦਾ ਬਹੁਤ ਪ੍ਰੇਮੀ ਸੀ। ਗੁਰੂ ਨਾਨਕ ਲਾਲੋ ਦੀ ਕੋਧਰੇ ਦੀ ਮਿੱਸੀ ਰੋਟੀ ਖਾ ਕੇ ਨਿਹਾਲ ਹੋ ਗਏ। ਇਕ ਮਹੀਨਾ ਉਸਦੇ ਘਰ ਰਹੇ। ਹਰ ਰੋਜ ਰਾਤ ਨੂੰ ਲਾਲੋ ਦੇ ਘਰ ਤੋਂ ਬਾਹਰ ਕੀਰਤਨ ਹੁੰਦਾ। ਕਾਫੀ ਸੰਗਤ ਜੁੜਨ ਲਗ ਪਈ। ਲੋਕ ਉਨ੍ਹਾਂ ਨੂੰ ਨਾਨਕ ਤਪਾ ਕਹਿ ਕੇ ਸਤਿਕਾਰ ਕਰਨ ਲਗੇ। ਇਕ ਦਿਨ ਮਲਿਕ ਭਾਗੋ ਨੇ ਬ੍ਰਹਮਭੋਜ ਕੀਤਾ। ਜਿਥੇ ਹੋਰ ਫਕੀਰਾਂ ਨੂੰ ਬੁਲਾਇਆ ਉਥੇ ਨਾਨਕ ਤਪੇ ਨੂੰ ਵੀ ਸੱਦਾ ਦਿੱਤਾ। ਗੁਰੂ ਨਾਨਕ ਨੇ ਸੱਦਾ ਅਪਰਵਾਨ ਕਰ ਦਿੱਤਾ। ਜਾਲਮਖਾਨ ਦਾ ਜਵਾਨ ਮੁੰਡਾ ਬਿਮਾਰ ਸੀ ਮਰਨ ਕਿਨਾਰੇ। ਉਸਨੇ ਸਾਰੇ ਫਕੀਰਾਂ ਨੂੰ ਅਸ਼ੀਰਵਾਦ ਲੈਣ ਲਈ ਕੈਦ ਕਰ ਲਿਆ। ਗੁਰੂ ਨਾਨਕ ਨੂੰ ਵੀ ਕੈਦ ਕਰ ਲਿਆ, ਅਸ਼ੀਰਵਾਦ ਮੰਗੀ। ਗੁਰੂ ਸਾਹਿਬ ਨੇ ਕਿਹਾ ਇਕ ਪਾਸੇ ਅਸ਼ੀਰਵਾਦ ਮੰਗ ਰਿਹਾ ਦੂਜੇ ਪਾਸੇ ਫਕੀਰਾਂ ਨੂੰ ਕੈਦ ਕੀਤਾ ਹੋਇਆ। ਜਾਹ ਘਰ ਜਾਕੇ ਦੇਖ ਲੈ ਤੇਰਾ ਮੁੰਡਾ (ਪੁੱਤਰ) ਤਾਂ ਮਰ ਗਿਆ। ਮਰਿਆ ਹੋਇਆ ਵਿਅਕਤੀ ਕਿਵੇਂ ਜਿਊਂਦਾ ਹੋ ਸਕਦਾ ਹੈ। ਮਲਿਕ ਭਾਗੋ ਨਰਾਜ ਹੋਇਆ ਕਿ ਗੁਰੂ ਸਾਹਿਬ ਨੇ ਉਸ ਦਾ ਭੋਜਨ ਨਹੀਂ ਛਕਿਆ, ਨੀਵੀਂ ਜਾਤੀ ਵਾਲੇ ਲਾਲੋ ਦਾ ਭੋਜਨ ਛਕ ਲਿਆ। ਗੁਰੂ ਨਾਨਕ ਨੇ ਕਿਹਾ ਤੇਰੇ ਭੋਜਨ ਵਿਚੋਂ ਤਾਂ ਰੱਤ ਚੋ ਰਹੀ ਹੈ ਜੋ ਗਰੀਬਾਂ ਦਾ ਖੂਨ ਚੂਸ ਕੇ ਇਕੱਠਾ ਕੀਤਾ ਹੈ। ਭਾਈ ਲਾਲੋ ਦੀ ਕਿਰਤ ਦੀ ਕਮਾਈ ਹੈ। ਮਿਹਨਤ ਦੀ ਇਸ ਲਈ ਉਸ ਦੀ ਰੋਟੀ ਵਿਚੋਂ ਦੁੱਧ ਚੋ ਰਿਹਾ ਹੈ। ਬਾਬੇ ਨਾਨਕ ਨੇ ਲਾਲੋ ਨੂੰ ਕਿਹਾ, "ਤੇਰਾ ਚੌਂਕਾ, ਸੁੱਚਾ ਚੌਂਕਾ, ਮਰਦਾਨਾ ਸ਼ੂਦਰ ਮੇਰੇ ਲਈ ਸੁੱਚਾ ਬ੍ਰਾਹਮਣ ਹੈ।" ਵੇਦਾਂ ਸਾਸ਼ਤਰਾਂ ਦਾ ਵਾਸਤਾ ਪਾ-ਪਾ ਝੂਠੇ ਜਾਲ ਵਛਾ-ਵਛਾ ਕਿਰਤੀ ਕਾਮੇ ਨੀਵੀਂਆਂ ਜਾਤਾਂ ਦੀ ਖੂਨ ਪਸੀਨੇ ਦੀ ਕਮਾਈ 'ਤੇ ਐਸ਼ਾਂ ਕਰਨ ਵਾਲੇ ਬ੍ਰਾਹਮਣ ਮੇਰੇ ਭਾਵੇਂ ਜਗਤ ਕਸਾਈ ਨੇ। ਲਾਲੋ ਦਾ ਸਵੈ ਮਾਣ ਤੇ ਸੁੱਤੀ ਆਤਮਾ ਜਾਗ ਪਈ। ਲਾਲੋ ਦੀ ਝੌਂਪੜੀ ਤੋਂ ਬਾਹਰ ਕੀਰਤਨ ਮੋਹਿਤ ਹੁੰਦੇ ਨੀਵੀਂਆਂ ਜਾਤਾਂ ਦੇ ਸਤਿਵਾਦੀ ਲੋਕ ਬਾਬਾ ਨਾਨਕ ਨਾਲ ਜੁੜ ਗਏ। ਹੰਕਾਰੇ ਹੋਏ ਬ੍ਰਾਹਮਣ ਤੇ ਖੱਤਰੀ ਬਾਬੇ ਨੂੰ ਕੁਰਾਹੀਆ ਕਹਿੰਦੇ।

ਬਾਬੇ ਨਾਨਕ ਨੇ ਮਰਦਾਨੇ ਨੂੰ ਆਖਿਆ, ਰਬਾਬ ਛੇੜ,

ਬਾਬੇ ਸ਼ਬਦ ਉਚਾਰਿਆ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀਂ ਗਿਆਨੁ ਵੇ ਲਾਲੋ॥

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥

ਸਰਮੁ ਧਰਮੁ ਦੋਇ ਛਪਿ ਖਲੋਇ ਕੂੜੁ ਫਿਰੈ ਪਰਧਾਨੁ ਵੇ ਲਾਲੋ॥

ਇਸੇ ਤਰ੍ਹਾਂ ਤਲੰਬੇ ਦੇ ਸੱਜਣ ਠੱਗ ਦੀ ਆਤਮਾ ਨੂੰ ਝੰਜੋੜਿਆ। ਉਹ ਯਾਤਰੂਆਂ ਦਾ ਸਮਾਨ ਲੁੱਟ ਕੇ ਰਾਤ

ਨੂੰ ਆਪਣੀ ਧਰਮਸ਼ਾਲਾ ਵਿੱਚ ਬਣਾਏ ਹੋਏ ਖੂਹ 'ਚ ਮਾਰਕੇ ਸੁੱਟ ਦਿੰਦਾ ਸੀ। ਇੱਥੇ ਵੀ ਬਾਬਾ ਜੀ ਨੇ ਸ਼ਬਦ ਉਚਾਰਿਆ ਜਿਸ ਦਾ ਸੱਜਨ 'ਤੇ ਬਹੁਤ ਅਸਰ ਹੋਇਆ ਤੇ ਉਹ ਇਹ ਗਲਤ ਕੰਮ ਛਡਕੇ ਬਾਬੇ ਦੇ ਚਰਨੀ ਲਗਾ ਸ਼ਬਦ:

ਉਜਲ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥

ਮ: ੧: ਸੂਹੀ 729

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍ ॥
ਘੁਟਿ ਘੁਟਿ ਜੀਆ ਖਾਵਣੇ, ਬਗੇ ਨਾ ਕਹੀਅਨਿ੍ ॥

ਮ: ੧: ਸੂਹੀ 729

ਲਾਸ਼ਾਂ ਦਾ ਖੂਹ ਬੰਦ ਕਰਵਾਕੇ ਪਾਪ ਦੀਆਂ ਇਮਰਾਤਾਂ ਢੁਆ ਕੇ, ਪਹਿਲੀ ਧਰਮਸ਼ਾਲਾ (ਪ੍ਰਚਾਰ ਕੇਂਦਰ) ਬਾਬੇ ਨੇ ਇੱਥੇ ਤਲੰਬੇ ਹੀ ਬਣਾਇਆ।

ਜੋਗ ਮੱਤ ਦਾ ਖੰਡਨ:

ਇਸੇ ਤਰ੍ਹਾਂ ਗੁਰੂ ਨਾਨਕ ਪੀਲੀ ਭੀਤ, ਗੋਰਖਮਤਾ ਪਹੁੰਚ ਗਏ। ਇਹ ਕਨਪਾਟੇ ਜੋਗੀਆਂ ਦਾ ਅਸਥਾਨ ਸੀ। ਜਿਸਨੂੰ ਗੋਰਖ ਦਾ ਟਿੱਲਾ ਕਹਿੰਦੇ ਸਨ। ਇਹ ਲੋਕ ਆਪਣੇ ਜੋਗਸਾਧਨਾਂ ਨਾਲ ਕਾਲਾ ਇਲਮ ਚਲਾਉਂਦੇ ਭਾਵ ਟੂਣੇ ਟਾਮਣ ਕਰਕੇ ਲੋਕਾਂ ਨੂੰ ਡਰਾਉਂਦੇ ਧਮਕਾਉਂਦੇ ਆਪਣੀਆਂ ਕਰਾਮਾਤਾਂ ਨਾਲ ਲੋਕਾਂ 'ਤੇ ਜਾਦੂ ਸੁਟਦੇ। ਇੱਥੇ ਗੋਰਖ ਨਾਥ ਵੱਡੇਰੇ ਜੋਗੀ ਦੇ ਨਾਂ 'ਤੇ ਮੇਲਾ ਲਗਦਾ ਹੈ। ਲੋਕ ਆ ਕੇ ਬਹੁਤ-ਬਹੁਤ ਚੜ੍ਹਾਵਾ ਚੜ੍ਹਾਉਂਦੇ। ਆਪ ਜੋਗੀ ਕੋਈ ਕੰਮ ਨਾ ਕਰਦੇ ਸਗੋਂ ਕਿਰਤੀ ਲੋਕਾਂ ਦੀ ਮਿਹਨਤ ਦੀ ਕਮਾਈ ਭਰਮ ਜਾਲ ਵਛਾ ਕੇ ਲੁੱਟਦੇ ਸਨ।

ਗੁਰੂ ਨਾਨਕ ਦੇਵ ਜਿਹੜੇ ਰੁੱਖ ਹੇਠਾਂ ਬੈਠੇ ਸਨ ਉਸ ਰੁੱਖ ਨੂੰ ਅੱਗ ਲਗਾ ਦਿੱਤੀ। ਪਰ ਇਨ੍ਹਾਂ ਦੀਆਂ ਰਿੱਧੀਆਂ ਸਿੱਧੀਆਂ ਗੁਰੂ ਨਾਨਕ ਦਾ ਕੁਝ ਨਾ ਵਿਗਾੜ ਸਕੀਆਂ। ਫਿਰ ਇਨ੍ਹਾਂ ਨੇ ਆਪਣਾ ਝੰਡਾ ਗਡਕੇ ਸ਼ਾਸਤ੍ਰਰਥ ਵਾਸਤੇ ਚੈਂਲੇਜ ਕੀਤਾ। ਗੁਰੂ ਨਾਨਕ ਨੇ ਵੀ ਆਪਣਾ ਝੰਡਾ ਗਡਕੇ ਚੈਂਲੇਜ ਨੂੰ ਸਵੀਕਾਰ ਕਰ ਲਿਆ। ਉਨ੍ਹਾਂ ਨੇ ਜੋਗਮਤ ਦੀ ਟੀਕਾ ਟਿੱਪਣੀ ਕੀਤੀ। ਮਰਦਾਨੇ ਨੂੰ ਰਬਾਬ ਬਜਾਉਣ ਲਈ ਆਖ ਕੇ ਆਪ ਸ਼ਬਦ ਉਚਾਰਿਆ:

ਜੋਗੁ ਨ ਖਿੰਥਾ ਜੋਗੁ ਨ ਡੰਡੈ
ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁੰਡਾਇਐ ਜੋਗੁ ਨ ਸਿੰਙੀ ਵਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ ॥

ਆਪਸ ਵਿੱਚ ਕਾਫੀ ਵਾਦ-ਵਿਵਾਦ ਹੋਇਆ, ਤੇਜ਼ ਤਰਾਰ ਜੋਗੀ ਭੜਕ ਉਠੇ। ਅੰਤ ਨੂੰ ਸੂਝਵਾਨ ਸਿਆਣੇ ਜੋਗੀ ਨੂੰ ਸ਼ਬਦ ਸਿਧਾਂਤ, ਸ਼ਬਦ ਜੋਤ ਦਾ ਅਨੁਭਵ ਹੋਇਆ ਤੇ ਉਹ ਗੁਰੂ ਨਾਨਕ ਦੇ ਸਹਿਜ ਜੋਗ 'ਚ ਆ ਗਏ। ਉਹ ਸਹਿਜ ਜੋਗੀ ਚੇਲੇ ਬਣ ਗਏ। ਉਨ੍ਹਾਂ ਨੇ ਆਪਣੇ ਆਪ ਹੀ ਗੋਰਖਮਤਾ ਛਡਕੇ ਉਸ ਅਸਥਾਨ ਦਾ ਨਾਮ 'ਨਾਨਕ ਮਤਾ' ਰਖ ਦਿੱਤਾ। ਗੋਰਖਮਤਾ ਦੀ ਥਾਂ ਤੇ ਕੰਨਪਾਟੇ ਜੋਗੀਆਂ ਦਾ ਕੇਂਦਰ ਗੁਰੂ ਨਾਨਕ ਦੇ ਸਹਿਜ ਜੋਗ ਦਾ ਕੇਂਦਰ ਬਣ ਗਿਆ।

ਇਸੇ ਤਰ੍ਹਾਂ ਸ਼ਿਵਾਲਿਕ ਦੀਆਂ ਪਹਾੜੀਆਂ 'ਤੇ ਚੜ੍ਹਕੇ ਕਈ ਥਾਵਾਂ ਤੋਂ ਹੁੰਦੇ ਹੋਏ 'ਸੁਮੇਰ ਪਰਬਤ' ਤੇ ਪੁੱਜੇ। ਇਥੇ ਚਰਪਟ ਨਾਥ ਤੇ ਲੋਹਾ ਰੀਪਾ ਜੋ ਗੋਰਖਨਾਥ ਦੇ ਚੇਲੇ ਸਨ ਨੂੰ ਮਿਲੇ। ਇਹ ਜਗ੍ਹਾ ਝੀਲ ਮਾਨ ਸਰੋਵਰ ਦੇ ਪਾਰ ਕੈਲਾਸ਼ ਪਰਬਤ ਦੀਆਂ ਸੱਤ ਚੋਟੀਆਂ ਵਿਚਕਾਰ ਇਕ ਰਮਣੀਕ ਥਾਂ ਹੈ ਜਿੱਥੇ ਮਿੱਠੇ ਪਾਣੀ ਦੇ ਦਰਿਆ ਵਗਦੇ ਹਨ। ਇਹ ਉਹੀ ਜਗਾ ਹੈ ਜਿੱਥੇ ਸਿੱਧ, ਜੋਗੀ, ਜਪੀ, ਤਪੀ, ਤਿਆਗੀ, ਵੈਰਾਗੀ ਅਤੇ ਕਈ ਰਾਜੇ ਭੀ ਪਿਛਲੀ ਉਮਰ ਵਿੱਚ, ਅੰਤਲੇ ਸਮੇਂ ਨਿਰਵਾਣ ਪ੍ਰਾਪਤ ਕਰਨ ਜਾਂਦੇ ਸਨ। ਪਵਨਾਹਾਰੀ ਜੋਗੀ, ਇਥੇ ਆਪਣੀ ਉਮਰ ਵਧਾਉਣ ਦੀ ਜੋਗ ਸਾਧਨਾਂ ਵਿੱਚ ਜੁਟੇ ਰਹਿੰਦੇ ਸਨ। ਉਹ ਦੋ ਦੋ ਸੌ ਤਿੰਨ ਤਿੰਨ ਸੌ ਸਾਲਾਂ ਦੀ ਉਮਰ ਭੋਗ ਲੈਂਦੇ ਸਨ। ਆਪਣੀ ਇਕ ਆਉਧ ਪੂਰੀ ਕਰਕੇ ਉਹ ਕਿਸੇ ਮਿਰਤਕ ਨੌਜੁਆਨ ਦੀ ਦੇਹ ਵਿੱਚ ਆਪਣੇ ਸੁਆਸ ਪਾ ਲੈਂਦੇ ਸਨ। ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਮਿਲੇ ਉਹ ਇਸੇ ਕਿਸਮ ਦੇ ਜੋਗੀ ਸਨ। ਉਨ੍ਹਾਂ ਸਾਹਮਣੇ ਗੁਰੂ ਨਾਨਕ ਦੇਵ ਜੀ ਦੀ ਆਯੂ ਤਾਂ ਬਹੁਤ ਛੋਟੀ ਸੀ ਮਸਾਂ ਚਾਲੀ ਪੰਜਤਾਲੀ ਸਾਲਾਂ ਦੀ।

ਉਨ੍ਹਾਂ ਨੇ ਗੁਰੂ ਨਾਨਕ ਤੋਂ ਬਹੁਤ ਸਵਾਲ ਪੁੱਛੇ।

ਉਨ੍ਹਾਂ ਵਿਚੋਂ ਇਕ ਨੇ ਪੁੱਛਿਆ:

"ਫਿਰਿ ਪੁਛਣਿ ਸਿੱਧ ਨਾਨਕਾ, ਮਾਤ ਲੋਕ ਵਿਚਿ ਕਿਆ ਵਰਤਾਰਾ"

ਗੁਰੂ ਨਾਨਕ ਨੇ ਉੱਤਰ ਦਿੱਤਾ:

"ਬਾਬੇ ਆਖਿਆ ਨਾਥ ਜੀ ਸਚ ਚੰਦਰਮਾਂ ਕੂੜੁ ਅੰਧਾਰਾ॥

ਕੂੜੁ ਅਮਾਵਸਿ ਵਰਤਿਆ, ਹਉ ਭਾਲਣ ਚੜ੍ਹਿਆ ਸੰਸਾਰਾ॥

ਪਾਪ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ॥

ਸਿੱਧ ਛਪਿ ਬੈਠੇ ਪਰਬਤੀ 'ਕਉਣ ਜਗਤ੍ਰਿ ਕਉ ਪਾਰ ਉਤਾਰਾ॥

ਜੋਗਿ ਗਿਆਨ ਵਿਹੂਣਿਆ ਨਿਸਦਿਨ ਅੰਗਿ ਲਗਾਇਨਿ ਛਾਰਾ॥

ਬਾਝੁ ਗੁਰੂ ਡੁਬਾ ਜਗੁ ਸਾਰਾ॥੨੯॥

ਫਿਰ ਬਾਬੇ ਕਿਹਾ:

"ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ॥

ਕੂੜੁ ਅਮਾਵਸ ਸਚੁ ਚੰਦਰਮਾਂ ਦੀਸੈ ਨਾਹੀ ਕਹਿ ਚੜ੍ਹਿਆ॥

ਹਉ ਭਾਲਿ ਵਿਕੁੰਨੀ ਹੋਈ ਆਧੇਰੈ ਰਾਹੁ ਨਾ ਕੋਈ॥

ਵਿਚਿ ਹਉਮੈ ਕਰਿ ਦੁਖ ਰੋਈ ਕਹੁ ਨਾਨਕ ਕਿਤਿ ਬਿਧਿ ਗਤਿ ਹੋਈ॥

ਇਸ ਤਰ੍ਹਾਂ ਗੁਰੂ ਨਾਨਕ ਨੇ ਸਿਧਾਂ ਨੂੰ ਮਾਤ ਲੋਕ ਦਾ ਹਾਲ ਦਸਿਆ। ਉਨ੍ਹਾਂ ਕਿਹਾ ਬਿਭੂਤਿ ਲਾ ਕੇ ਪਿੰਡੇ ਨੂੰ ਬੈਠੇ ਰਹਿਣਾ ਲੋਕਾਂ, ਤੋਂ ਸਮਾਜ ਤੋਂ, ਪਰਿਵਾਰ ਤੋਂ ਦੂਰ ਛੁਪ ਕੇ ਬੈਠੇ ਰਹਿਣ ਦਾ ਕੀ ਲਾਭ, ਜ਼ਿੰਦਗੀ 'ਚ ਉਮਰ ਵਧਾਕੇ ਕੀ ਕਰਨਾ ਏ ਜੇਕਰ ਉਹ ਕਿਸੇ ਕੰਮ ਨਹੀਂ ਆਉਂਦੀ। ਉਨ੍ਹਾਂ ਨੇ ਕਿਹਾ ਪਰਾਈ ਇਸਤਰੀ ਨੂੰ ਦੇਖ ਕੇ ਚਿੱਤ ਨਾ ਡੁਲਾਓ, ਥੋੜ੍ਹਾ ਖਾਓ, ਥੋੜ੍ਹਾ ਸੌਂਵੋ ਸਾਡੇ ਤੱਤ ਵਿਚਾਰ, ਸਾਡੇ ਸਹਿਜ ਜੋਗ ਦੀ ਰਹਿਤ ਬੰਦਗੀ ਇਹੋ ਹੈ।

ਗੁਰੂ ਨਾਨਕ ਨੇ ਇਹ ਸ਼ਬਦ ਕਹਿ ਕੇ ਜੋਗੀਆਂ 'ਤੇ ਜਿੱਤ ਹਾਸਲ ਕੀਤੀ।

"ਅੰਤਰਿ ਸ਼ਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ॥

ਕਾਮੁ ਕ੍ਰੋਧ ਅਹੰਕਾਰੁ ਨਿਵਾਰੇ ਗੁਰ ਕੈ ਸਬਦਿ ਸੁ ਸਮਝ ਪਰੀ॥

ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ॥

ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ॥੧੦॥

ਜੋਗੀ ਸਿੱਧ ਮੰਡਲੀ ਨਾਲ ਗੁਰੂ ਨਾਨਕ ਦੇਵ ਜੀ ਦੀ ਲੰਮੀ ਚੌੜੀ ਚਰਚਾ ਹੋਈ ਖਾਸ ਕਰਕੇ ਚਰਪਟ ਨਾਥ ਅਤੇ ਲੋਹਾਰੀਪਾ ਨਾਲ ਤੇ ਬਾਬੇ ਨਾਨਕ ਨੇ ਆਪਣੇ ਵਿਚਾਰਾਂ ਦੀ ਜਿੱਤ ਹਾਸਲ ਕੀਤੀ। ਸਿਧ ਜੋਗੀਆਂ ਅਤੇ ਨਾਥਾਂ ਦੀ ਇਕ ਵਖਰੇ ਅਧਿਆਇ ਵਿੱਚ ਖੋਲ੍ਹ ਕੇ ਚਰਚਾ ਕੀਤੀ ਜਾਵੇਗੀ।

ਤਿੱਬਤ 'ਚ

ਮਾਨ ਸਰੋਵਰ ਤੋਂ ਗੁਰੂ ਨਾਨਕ ਤਿੱਬਤ ਪਹੁੰਚੇ ਕੋਈ ਇੱਕ ਹਜ਼ਾਰ ਮੱਠਾਂ ਵਿੱਚ ਨਾਨਕ ਦੀ ਪੂਜਾ ਹੁੰਦੀ ਹੈ। ਉਨ੍ਹਾਂ ਦੇ ਉਪਦੇਸ਼ ਅਤੇ ਚਰਨਪਾਦਕ ਸੰਭਾਲੇ ਹੋਏ ਹਨ। ਉਥੇ ਬਾਬੇ ਨਾਨਕ ਨੂੰ 'ਕਰਮਪਾ ਨਾਨਕ' ਆਖਦੇ ਹਨ।

ਅਗੇ ਸਿੱਕਮ ਗੰਗਟੋਕ ਵਿੱਚ 'ਰਿਪੋਚੇ ਨਾਨਕ' ਕਹਿ ਕੇ ਸਤਿਕਾਰ ਦਿੰਦੇ ਹਨ। ਉਥੇ ਕੇਲੇ ਤੇ ਚਾਵਲ ਦੇ ਬੀਜ ਆਪ ਬੀਜੇ ਨਾਨਕ ਨੇ ਜੋ ਹੁਣ ਤੱਕ ਚਲਦੇ ਹਨ।

ਤਿੱਬਤ ਦੇ ਸਭਿਆਚਾਰ 'ਤੇ ਕਿਸੇ ਨਾ ਕਿਸੇ ਤਰ੍ਹਾਂ ਗੁਰੂ ਨਾਨਕ ਦੀ ਸਖਸ਼ੀਅਤ ਦੀ ਅਮਿੱਟ ਛਾਪ ਹੈ।

ਨਾਗਾਲੈਂਡ

ਫਿਰਦੇ ਤੁਰਦੇ ਗੁਰੂ ਨਾਨਕ ਤੇ ਮਰਦਾਨਾ ਨਾਗਾਲੈਂਡ ਵਿੱਚ ਪੁੱਜ ਗਏ। ਉਥੇ ਮਰਦਾਨਾ ਕੌਡਾ (ਕਉਡਾ) ਰਾਖਸ ਦੇ ਧੱਕੇ ਚੜ੍ਹ ਗਿਆ। ਕੌਡਾ (ਕਉਡਾ) ਨੇ ਮਰਦਾਨੇ ਨੂੰ ਰੁੱਖ ਨਾਲ ਬੰਨ੍ਹ ਦਿੱਤਾ ਤੇ ਆਪ ਲਕੜਾਂ ਇਕੱਠੀਆਂ ਕਰਕੇ ਅੱਗ ਲਾ ਦਿੱਤੀ ਤਾਂ ਜੋ ਉਸ ਨੂੰ ਭੁੰਨਕੇ ਖਾ ਲਵੇ। ਇੰਨੇ ਨੂੰ ਗੁਰੂ ਨਾਨਕ ਆ ਪਹੁੰਚੇ। ਉਨ੍ਹਾਂ ਨੇ ਪੁੱਛਿਆ ਜਦੋਂ ਕੁਦਰਤ ਨੇ ਏਨਾ ਕੁਝ ਖਾਣ ਲਈ ਦਿੱਤਾ ਹੈ ਤਾਂ ਬੰਦੇ ਨੂੰ ਮਾਰ ਕੇ ਕਿਉਂ ਖਾਦੇ ਹੋ। ਕੌਡਾ (ਕਉਡਾ) ਨੇ ਉੱਤਰ ਦਿੱਤਾ, "ਤੁਸੀਂ ਲੋਕ ਆਦਮੀ ਨੂੰ ਬਿਨਾ ਕਾਰਨ ਮਾਰ ਦਿੰਦੇ ਹੋ ਅਸੀਂ ਤਾਂ ਖਾਣੇ ਲਈ ਮਾਰਦੇ ਹਾਂ। ਆਦਮੀ ਦਾ ਸ਼ਿਕਾਰ ਸੌਖਿਆਂ ਖੇਡਿਆ ਜਾਂਦਾ ਹੈ। ਜੰਗਲੀ ਜਾਨਵਰ ਮਾਰਨੇ ਔਖੇ ਹੁੰਦੇ ਨੇ।" ਗੁਰੂ ਨਾਨਕ ਦੀ ਛੋਹ ਨਾਲ ਉਸਦਾ ਸੂਖਮ ਅਨੁਭਵ ਜਾਗ ਪਿਆ। ਉਸਦੀ ਮਰ

ਚੁੱਕੀ ਜ਼ਮੀਰ 'ਚ ਜਾਨ ਪੈ ਗਈ। ਉਸ ਨੇ ਬੰਦੇ ਮਾਰਕੇ ਖਾਣੇ ਛੱਡ ਦਿੱਤੇ। ਗੁਰੂ ਨਾਨਕ ਦਾ ਇਹ ਪ੍ਰਭਾਵ ਉਸ ਇਲਾਕੇ ਵਿੱਚ ਬਹੁਤ ਦੇਰ ਰਿਹਾ। ਇਕ ਮੁਸਲਮਾਨ ਲਿਖਾਰੀ ਦਾ ਕਹਿਣਾ ਹੈ ਕਿ ਉਥੇ ਇਕ ਪਹਾੜਾਂ ਦੀ ਲੜੀ ਏ ਜਿਸਦਾ ਨਾ ਅਜੇ ਤੱਕ ਵੀ 'ਨਾਨਕ ਕਬੀਲਾ' ਬੋਲਿਆ ਜਾਂਦਾ ਹੈ। ਕਿਉਂਕਿ ਕਉਡਾ ਰਾਖਸ਼ ਆਪਣੇ ਕਬੀਲੇ ਦਾ ਸਰਦਾਰ ਸੀ। ਇਹ ਆਦਮ ਖੋਰਾਂ ਦਾ ਦੇਸ਼ ਸੀ। ਲੋਕ, ਮਾਰਕੇ ਖਾਧੇ ਹੋਏ ਬੰਦੇ ਦੀਆਂ ਹੱਡੀਆਂ ਆਪਣੇ ਸਰੀਰ 'ਤੇ ਲਟਕਾ ਲੈਂਦੇ ਸਨ। ਕਪੜੇ ਨਹੀਂ ਸੀ ਪਾਉਂਦੇ।

ਅਸਾਮ ਵਿੱਚ ਸ਼ੰਕਰ ਦੇਵਾ: ਗੁਰੂ ਨਾਨਕ ਦਾ ਸਮਕਾਲੀ ਸੀ। ਗੁਰੂ ਨਾਨਕ ਸ਼ੰਕਰ ਦੇਵਾ ਨੂੰ ਮਿਲੇ ਜਾਂ ਨਾ ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਸ਼ੰਕਰ ਦੇਵਾ ਨੇ ਵੈਸ਼ਨਵ ਮੱਤ ਨੂੰ ਜੋ ਰੂਪ ਰੇਖਾ ਦਿੱਤੀ ਉਸ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਕਾਫੀ ਸਮਾਂ ਅਸਾਮ ਵਿੱਚ ਰਹੇ ਸਨ। ਉਨ੍ਹਾਂ ਦੇ ਪ੍ਰਭਾਵ ਹੇਠਾਂ ਹੀ ਵੈਸ਼ਨਵ ਮੱਤ ਦੀ ਸ਼ੰਕਰਦੇਵਾ ਵਾਲੀ ਇਕੋ ਇੱਕ ਸੰਪਰਦਾਇ ਹੈ ਜਿਸ ਵਿੱਚ:

1. ਜਿਸਨੂੰ ਬੁੱਤ ਪ੍ਰਸਤੀ ਵਿੱਚ ਵਿਸ਼ਵਾਸ਼ ਨਹੀਂ।
2. ਇਹ ਇਕੋ ਸੰਪਰਦਾਇ ਹੈ ਜੋ ਸਿੱਖਾਂ ਵਾਂਗ ਮਹਾਂਪੁਰਖਾਂ ਦੀ ਬਾਣੀ 'ਭਗਵਤ' ਨੂੰ ਮੱਥਾ ਟੇਕਦੀ ਹੈ।
3. ਇਸ ਸੰਪਰਦਾਇ ਦੀ ਆਰਤੀ ਵਿੱਚ ਗੁਰੂ ਨਾਨਕ ਦਾ ਨਾਮ ਆਉਂਦਾ ਹੈ।
4. ਇਸ ਸੰਪਰਦਾਇ ਦੇ ਪੈਰੋਕਾਰ ਜਾਤ-ਪਾਤ ਤੇ ਬ੍ਰਾਹਮਣੀ ਭਰਮਾਂ ਤੇ ਕਰਮਕਾਂਡਾਂ 'ਚ ਬਿਲਕੁਲ ਵੀ ਵਿਸ਼ਵਾਸ਼ ਨਹੀਂ ਰੱਖਦੇ।

ਇਹ ਭੀ ਕਿਹਾ ਜਾਂਦਾ ਹੈ ਜਦੋਂ ਗੁਰੂ ਨਾਨਕ ਅਸਾਮ ਵਿੱਚ ਗਏ ਉਦੋਂ ਸ਼ੰਕਰਦੇਵਾ ਉਥੇ ਹੀ ਸਨ। ਵੈਸ਼ਨਵ ਸੰਪਰਦਾ ਦੇ ਇਤਨੇ ਅਹਿਮ ਨਿਯਮ ਸ਼ੰਕਰ ਦੇਵਾ ਨਹੀਂ ਸੀ ਤਿਆਗ ਸਕਦਾ ਜੇਕਰ ਗੁਰੂ ਨਾਨਕ ਦੇਵ ਉਨ੍ਹਾਂ ਨੂੰ ਨਾ ਮਿਲੇ ਹੁੰਦੇ ਅਤੇ ਉਨ੍ਹਾਂ ਦਾ ਪ੍ਰਭਾਵ ਨਾ ਲਿਆ ਹੁੰਦਾ।

ਕਾਮਾਖਿਆ ਤੇ ਧੂਬੜੀ (ਅਸਾਮ)

ਕਾਮਾਖਿਆ ਮੰਦਰ ਵਿੱਚ ਇਕ ਸਿੱਖ ਪਾਂਡੇ ਹੈ। ਉਹ ਆਪਣਾ ਪਿੱਛਾ ਅੰਮ੍ਰਿਤਸਰ ਦਾ ਦਸਦੇ ਨੇ। ਇਨ੍ਹਾਂ ਦੇ ਬਜ਼ੁਰਗ ਗੁਰੂ ਤੇਗ ਬਹਾਦਰ ਜੀ ਨਾਲ ਇੱਥੇ ਆਏ। ਉਹ ਪ੍ਰਚਾਰ ਲਈ ਇੱਥੇ ਹੀ ਠਹਿਰ ਗਏ ਸਨ। ਇੱਥੇ ਪਹਿਲਾਂ ਗੁਰੂ ਨਾਨਕ ਵੀ ਆਏ ਸਨ। ਇਥੋਂ ਦੇ ਦਮਦਮੀਏ ਸਿੱਖ ਆਸਾਮ ਦੀ ਫੌਜ ਵਿੱਚ ਭਰਤੀ ਹੋਏ। ਇਨ੍ਹਾਂ ਦੀ ਗਿਣਤੀ ਪਹਿਲਾਂ 500 ਸੀ ਫਿਰ 1000 ਤੱਕ ਹੋ ਗਈ। ਇਹ ਦੁਸ਼ਮਣਾਂ ਵਿਰੁੱਧ ਲੜਦੇ ਰਹੇ। ਸਤਾਰਵੀਂ ਤੇ ਅਠਾਰਵੀਂ ਸਦੀ 'ਚ ਆਸਾਮ ਦੇ ਇਤਿਹਾਸ ਵਿੱਚ ਇਨ੍ਹਾਂ ਦਾ ਜ਼ਿਕਰ ਕਈ ਵਾਰੀ ਆਉਂਦਾ ਹੈ।

ਧੂਬੜੀ ਸਾਹਿਬ ਭੀ ਗੁਰੂ ਨਾਨਕ ਤੇ ਗੁਰੂ ਤੇਗ ਬਹਾਦਰ ਸਾਹਿਬ ਦਾ ਪਵਿੱਤਰ ਅਸਥਾਨ ਹੈ। ਇਥੇ ਹਰ ਸਾਲ ਮੇਲਾ ਲੱਗਦਾ ਹੈ। ਅਸਾਮੀਆਂ ਲਈ ਅਜੇ ਤੱਕ ਭੀ ਮੁਕੱਦਸ (ਪੂਜਣਯੋਗ) ਅਸਥਾਨ ਹੈ।

ਇੱਥੇ ਝਾੜੀਆਂ 'ਚ ਛੁਪਿਆ ਇਕ ਸਿੱਖ ਮੰਦਰ ਹੈ, ਇਸਦੇ ਨੇੜੇ ਇਕ ਖੂਹ ਹੈ ਜਿਸਨੂੰ 'ਨਾਨਕ ਦਾ ਖੂਹ' 'ਨਾਨਕ ਕੂਆ' ਕਹਿੰਦੇ ਹਨ। ਇਸਦੇ ਪਾਣੀ ਨਾਲ ਕਈ ਬਿਮਾਰੀਆਂ ਦਾ ਇਲਾਜ ਹੁੰਦਾ ਹੈ। ਇਸ ਖੂਹ ਨੂੰ 'ਕਰਾਮਾਤੀ ਖੂਹ' ਵੀ ਕਹਿੰਦੇ ਹਨ।

ਹਵਾਲੇ:

1. ਗਿਆਨ ਸਿੰਘ: ਤਵਾਰੀਖ ਗੁਰੂ ਖਾਲਸਾ, ੮੧
2. ਜੇਮਜ ਟੇਲਰ: ਟੋਪੋ ਗਰਾਫੀ ਐਂਡ ਸਟੇਟਿਕਸ ਆਫ ਇੰਡੀਆ ਪ੯੨ ।
3. ਹੁਕਮਨਾਮਾ ਗੁਰੂ ਗੋਬਿੰਦ ਢਾਕਾ।
4. ਅਹਿਮਦ ਹਸਨ ਦਾਨੀ ਢਾਕਾ।
5. ਜਨਮ ਸਾਖੀ ਬਾਲਾ (ਹਲਿ.) 2061, 207, 207 ਐਡਵਰਡ ਗੇਟ: ਏ

ਹਿਸਟਰੀ ਆਫ ਆਸਾਮ (ਨਾਨਕ ਚਮਤਕਾਰ) ਭਾਈ ਵੀਰ ਸਿੰਘ ਇਨ੍ਹਾਂ ਹਵਾਲਿਆਂ ਅਨੁਸਾਰ ਹੀ:

ਰਾਣੀ ਗੌਰਜਾਂ, ਇਥੋਂ ਦੀ ਰਿਆਸਤ ਦੀ ਰਾਣੀ ਗਰੂ ਨਾਨਕ ਦੀ ਅਨਿਨ ਸੇਵਕ ਬਣੀ। ਉਸਦਾ ਪੋਤਾ ਰਾਜਾ ਰਾਮ ਰਾਏ ਗੁਰੂ ਤੇਗ ਬਹਾਦਰ ਦਾ ਸਿੱਖ ਬਣਿਆ। ਇਸਦੇ ਪੁੱਤਰ ਹੋਇਆ, ਉਸਦਾ ਨਾਮ ਰਤਨ ਰਾਏ ਰਖਿਆ। ਰਤਨ ਰਾਏ ਹੀ ਗੁਰੂ ਗੋਬਿੰਦ ਸਿੰਘ ਦੇ ਦਰਸ਼ਨਾਂ ਲਈ ਆਨੰਦਪੁਰ ਸਾਹਿਬ ਵਿਖੇ ਆਏ। ਉਹ ਤੋਹਫੇ ਵਜੋਂ ਚਿੱਟਾ ਹਾਥੀ (ਪ੍ਰਸਾਦੀ ਹਾਥੀ) ਤੇ ਪੰਚਕਲਾ

ਸ਼ਸਤਰ ਲੈ ਕੇ ਆਏ ਸਨ। ਹੁਣ ਇਹ ਪੰਚਕਲਾ ਸ਼ਸਤਰ ਬੜੌਦਾ ਅਜਾਇਬ ਘਰ ਵਿੱਚ ਪਿਆ ਹੈ।

ਕਲਕੱਤਾ ਤੇ ਬਰਦਮਾਨ

ਗੁਰੂ ਨਾਨਕ ਹੁਗਲੀ ਨਦੀ ਦੇ ਨਾਲ-ਨਾਲ ਕਲਕੱਤਾ ਪੁੱਜ ਗਏ ਉਥੇ ਦੋ ਗੁਰਦੁਆਰੇ ਅੱਜ ਤੱਕ ਕਾਇਮ ਹਨ। ਗੁਰਦੁਆਰਾ ਬੜੀ ਸੰਗਤ ਅਤੇ ਗੁਰਦੁਆਰਾ ਛੋਟੀ ਸੰਗਤ। ਇੱਥੇ ਬੜੀ ਸੰਗਤ ਗੁਰਦੁਵਾਰੇ ਨੂੰ ਪ੍ਰਚਾਰ ਲਈ ਮੰਜੀ ਥਾਪੀ।

ਇਥੋਂ ਚਲਕੇ ਬਰਦਮਾਨ ਪੁੱਜੇ। ਉਥੋਂ ਦਾ ਰਾਜਾ ਬਾਬੇ ਨਾਨਕ ਦਾ ਸ਼ਰਧਾਲੂ ਬਣ ਗਿਆ। ਇਸੇ ਖਾਨਦਾਨ ਦੇ ਰਾਜੇ ਗੁਰੂ ਗੋਬਿੰਦ ਸਿੰਘ ਦੇ ਸਿੱਖ ਬਣੇ। ਇਨ੍ਹਾਂ ਦੀ ਅੱਲ ਖਾਲਸਾ ਰਾਜਾ ਪਈ ਹੋਈ ਹੈ। ਉਹ ਅੱਲ ਅਜੇ ਤੱਕ ਵੀ ਉਵੇਂ ਕਾਇਮ ਹੈ। ਬਰਦਮਾਨ ਤੋਂ ਤੁਰੇ ਮੇਦਨੀਪੁਰ ਜਲੇਸਵਰ ਰੂਪਸਾ, ਬਲਾਸੌਰ ਹੁੰਦੇ ਹੋਏ ਕਟਕ ਪਹੁੰਚ ਗਏ। ਉਥੋਂ ਰਾਜਾ ਭੇਰਵੀ ਨਾਨਕ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਦਾ ਉਪਾਸ਼ਕ ਹੋ ਗਿਆ ਤੇ ਉਪਾਸ਼ਨਾ ਛੱਡ ਬੈਠਾ। ਚੇਤਨ ਭਾਰਤੀ ਉਸਦਾ ਗੁਰੂ ਕ੍ਰੋਧ 'ਚ ਚੰਡਾਲ ਰੂਪ ਹੋ ਗਿਆ। ਉਹ ਆਪਣੀਆਂ ਤਾਂਤਰਿਕ ਸ਼ਕਤੀਆਂ ਨਾਲ ਗੁਰੂ ਨਾਨਕ ਨੂੰ ਤਬਾਹ ਕਰਨ ਲਗਾ। ਪ੍ਰੰਤੂ ਗੁਰੂ ਨਾਨਕ ਅਡੋਲ ਬੈਠੇ ਸਮਾਧੀਲੀਨ ਹੋ ਗਏ। ਗੁਰੂ ਨਾਨਕ ਦੇ ਕੀਰਤਨ ਦੀ ਮਿੱਠੀ ਧੁਨੀ ਜਦੋਂ ਉਸਦੇ ਕੰਨਾ ਤੱਕ ਪੁੱਜੀ ਤਾਂ ਉਸ ਦੀਆਂ ਤਾਂਤ੍ਰਿਕ ਸ਼ਕਤੀਆਂ ਛਾਂਈ-ਮਾਂਈ ਹੋ ਗਈਆਂ। ਇਕ ਛੋਟਾ ਜਿਹਾ ਬੂਟਾ ਲੈ ਕੇ ਚੇਤੰਨ ਭਾਰਤੀ ਬਾਬੇ ਪਾਸ ਹਾਜਰ ਹੋਇਆ। ਉਸ ਨੂੰ ਅਨੁਭਵ ਹੋਇਆ ਕਿ ਕੁਦਰਤ ਦੀਆਂ ਸਾਰੀਆਂ ਸ਼ਕਤੀਆਂ ਗੁਰੂ ਨਾਨਕ ਦੇ ਅਧੀਨ ਹਨ। ਉਹ ਬੂਟਾ ਗੁਰੂ ਨਾਨਕ ਨੇ ਉੱਥੇ ਗਡਵਾ (ਲਵਾ) ਦਿੱਤਾ ਜੋ ਬ੍ਰਿਛ ਬਣਿਆ ਹੁਣ ਤੱਕ ਕਾਇਮ ਹੈ। ਹਵਾ ਨੂੰ ਸ਼ੁੱਧ ਕਰ ਰਿਹਾ ਹੈ। ਗੁਰੂ ਨਾਨਕ ਦਾ ਵੀ ਇਹੀ ਮੰਤਵ ਸੀ।

ਜਗਨ ਨਾਥ ਪੁਰੀ:

ਰਥ ਯਾਤਰਾ ਜਗਨ ਨਾਥਪੁਰੀ ਦੋ ਹਾੜ ਨੂੰ ਪੁੱਜਣੀ ਸੀ। ਤਿੰਨ ਰਥਾਂ ਵਿੱਚ ਚਾਰ ਮੂਰਤੀਆਂ, ਜਗਨ ਨਾਥ (ਕ੍ਰਿਸ਼ਨ ਜੀ) ਬ੍ਰਹਮਾਂ, ਸੁਭਦਰਾ ਬਲਰਾਮ ਦੀਆਂ ਸਜੀਆਂ ਹੋਈਆਂ ਸਨ। ਗੁਰੂ ਨਾਨਕ ਲਈ ਆਪਣੇ ਸਿਧਾਂਤਾਂ ਦੇ ਪ੍ਰਕਾਸ਼ ਲਈ ਚੰਗਾ ਮੌਕਾ ਸੀ। ਜਿੱਥੇ ਕਿਤੇ ਬੁੱਤ-ਪ੍ਰਸਤੀ, ਕਰਮ ਕਾਂਡਾਂ ਦੀਆਂ ਰਸਮਾਂ ਜੋਰਾਂ ਤੇ ਹੁੰਦੀਆਂ ਉਥੇ ਬਾਬਾ ਨਾਨਕ ਉਨ੍ਹਾਂ ਦੇ ਵਿਰੋਧ ਵਿੱਚ ਕੁਝ ਨਾ ਕੁਝ ਕਰ ਬੈਠਦੇ ਤੇ ਪੰਡਤ ਪੁਜਾਰੀ ਭੁੱਖੇ ਸ਼ੇਰ ਵਾਂਗ ਗਰਜਦੇ ਤੇ ਟੁੱਟਕੇ ਪੈ ਜਾਂਦੇ। ਗੁਰੂ ਨਾਨਕ ਦਾ ਤੇਜ ਪ੍ਰਤਾਪ ਤੇ ਗਿਆਨ ਉਨ੍ਹਾਂ ਦੀਆਂ ਜੁਮਲੇਬਾਜੀਆਂ ਅਤੇ ਇੱਕ-ਇੱਕ ਪਾਖੰਡ ਨੂੰ ਨਿਰਭੈ ਅਲੋਚਨਾ ਨਾਲ ਨੰਗਿਆਂ ਕਰ ਦਿੰਦਾ ਵਿਰੋਧੀ ਸ਼ਾਂਤ ਹੋ ਜਾਂਦੇ ਤੇ ਸਭ ਦੀ ਕਾਇਆ ਪਲਟ ਜਾਂਦੀ। ਇਸੇ ਤਰ੍ਹਾਂ ਬਾਬਾ ਨਾਨਕ ਜਗਨ ਨਾਥ ਪੁਰੀ ਰਾਤ ਨੂੰ ਪਹੁੰਚੇ। ਸੰਧਿਆ ਦੀ ਆਰਤੀ ਹੋਣ ਲੱਗੀ ਸੀ। ਉਹ ਮਰਦਾਨੇ ਨੂੰ ਬਾਹਰ ਬਠਾ ਕੇ ਆਪ ਮੰਦਰ ਦੇ ਦੁਆਰ ਤੇ ਬੈਠ ਗਏ ਤੇ ਸਮਾਧੀ ਲੀਨ ਹੋ ਗਏ। ਪਾਂਡੇ ਆਰਤੀ ਉਤਾਰਦੇ ਰਹੇ ਤੇ ਬਾਬਾ ਜੀ ਬੈਠੇ ਰਹੇ। ਜਦੋਂ ਆਰਤੀ ਦੀ ਰਸਮ ਪੂਰੀ ਹੋ ਗਈ ਤਾਂ ਸਾਰੇ ਹੀ ਪਾਂਡੇ ਬਾਬਾ ਜੀ ਦੇ ਦੁਆਲੇ ਆ ਬੈਠੇ, ਅਰ ਬੋਲੇ "ਅਸਾਂ ਮਹਾਰਾਜ ਕੀ ਆਰਤੀ ਕੀਤੀ, ਤੁਸੀਂ ਕਿਉਂ ਨਹੀਂ ਆਰਤੀ ਕੀਤੀ, ਖੜੇ ਹੋ ਕੇ, ਤੁਸੀਂ ਯਾਤਰੀ ਹੋ ਤੁਸੀਂ ਅਪਮਾਨ ਕੀਤਾ ਜਗਨਨਾਥ ਦੀ ਆਰਤੀ ਦਾ" ਬਾਬਾ ਬੋਲਿਆ, ਤੁਸੀਂ ਤਾਂ ਇਕ ਜੀਵ ਇਕ ਈਸ਼ਵਰ ਦੀ ਆਰਤੀ ਵਿੱਚ ਰੁੱਝੇ ਸੀ। 'ਮੈਂ: ਨਿਰੰਕਾਰ ਦੀ ਆਰਤੀ ਉਤਾਰਦਾ ਸੀ' ਪਾਂਡਿਆਂ ਨੇ ਹੈਰਾਨੀ ਨਾਲ ਪੁੱਛਿਆ, ਉਹ ਕਿਹੜੀ ਆਰਤੀ ਹੈ ਜੋ ਤੁਸੀਂ ਕਰਦੇ ਹੋ?" ਬਾਬੇ ਆਖਿਆ, "ਮਰਦਾਨਿਆਂ ਚੁੱਕ ਲੈ ਰਬਾਬ, ਬਾਬੇ ਨੇ ਧਨਾਸਰੀ ਰਾਗ ਵਿੱਚ ਸ਼ਬਦ ਉਚਾਰਨਾ ਸ਼ੁਰੂ ਕੀਤਾ:

"ਗਗਨ ਮੈ ਥਾਲ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪ ਮਲਆਨਲੋ ਪਵਣੁ ਚਵਰੋ ਕਰੇ,
ਸਗਲ ਬਨਰਾਇ ਫੂਲੰਤ ਜੋਤੀ॥ ੧॥
ਕੈਸੀ ਆਰਤੀ ਹੋਈ॥
ਭਵਖੰਡਨਾ ਤੇਰੀ ਆਰਤੀ॥

ਮ: ੧ ਧਨਾਸਰੀ ਸੋਹਿਲਾ ਆਰਤੀ

9915560280

(ਬਾਕੀ ਅਗਲੇ ਅੰਕ 'ਚ)

****

ਏਹਿ ਭਿ ਦਾਤਿ ਤੇਰੀ ਦਾਤਾਰ



ਰਾਬਿੰਦਰ ਸਿੰਘ ਬੱਬੀ

ਮਨੁੱਖੀ ਮਨ ਬੜਾ ਸੁਆਰਥੀ ਹੈ। ਇਹ ਹਰ ਵਿਚਾਰ ਨੂੰ ਸੁਆਰਥ ਦੀਆਂ ਐਨਕਾਂ ਰਾਹੀਂ ਦੇਖਦਾ ਹੈ। ਕੁਦਰਤੀ ਮਨੁੱਖ ਦਾ ਮਨ ਹੀ ਇਸ ਤਰ੍ਹਾਂ ਢਲ ਚੁੱਕਾ ਹੈ ਕਿ ਸੁਆਰਥ ਦੇ ਕੀਟਾਣੂ/ਜਰਾਸੀਮ ਉਸਦੇ ਕਣ ਕਣ ਵਿਚ ਸਮਾ ਚੁੱਕੇ ਨੇ । ਕਿਹੜਾ ਖੇਤਰ ਹੈ , ਜਿੱਥੇ ਸੁਆਰਥ ਨੇ ਪੈਰ ਨਹੀਂ ਪਸਾਰੇ । ਆਰਥਿਕ , ਰਾਜਨੀਤਕ, ਸਮਾਜਿਕ ਹਰ ਪਾਸੇ ਸੁਆਰਥ ਦਾ ਹੀ ਬੋਲ ਬਾਲਾ ਹੈ। ਇਥੋਂ ਤੱਕ ਕਿ ਘਰਾਂ ਵਿਚ ਵੀ ਇਹ ਬਿਰਤੀ ਭਾਰੂ ਹੈ। ਗੱਲ ਇੱਥੇ ਹੀ ਨਹੀਂ ਮੁੱਕਦੀ , ਸਾਡੇ ਮੂੰਹ ਉਦੋਂ ਖੁੱਲੇ ਦਾ ਖੁੱਲਾ ਰਹਿ ਜਾਂਦਾ ਹੈ, ਜਦੋਂ ਦੇਖਦੇ ਹਾਂ ਕਿ ਧਰਮ ਜਿਹਾ ਖੇਤਰ ਵੀ ਸੁਆਰਥ ਦੇ ਰਾਮ ਬਾਣ ਤੋਂ ਬਚ ਨਹੀਂ ਸਕਿਆ । ਇਸ ਦੀਆਂ ਬਹੁਤ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ। ਪਰ ਅਸੀਂ ਟੋਹ ਵਾਂਗ ਕੁੱਝ ਕੁ ਉਦਾਹਰਨਾਂ ਹੀ ਦੇਖਾਂਗੇ । ਹਰ ਧਰਮ ਨੂੰ ਮੰਨਣ ਵਾਲੇ ਅਨੁਆਈ ਕੋਈ ਵੀ ਕਾਰਜ ਧਾਰਮਿਕ ਰਸਮਾਂ ਰੀਤਾਂ ਤੋਂ ਬਿਨਾਂ ਨਹੀਂ ਕਰਦੇ । ਚੰਗੀ ਗੱਲ ਹੈ ਕਿ ਕੋਈ ਵੀ ਕਾਰਜ ਉਸ ਆਪਣੇ ਇਸ਼ਟ ਦੀ ਓਟ ਵਿਚ ਰਹਿ ਕੇ ਹੀ ਕਰਨਾ ਪਸੰਦ ਕਰਦੇ ਹਨ । ਸੱਭਿਆਚਾਰਕ ਪ੍ਰੋਗਰਾਮਾਂ ਵਿਚ ਵੀ ਲੱਗਪੱਗ ਹਰ ਗਾਇਕ / ਗਾਇਕਾ ਆਪਣੇ ਪ੍ਰੋਗਰਾਮ ਧਾਰਮਿਕ ਗੀਤ ਤੋਂ ਹੀ ਅਰੰਭ ਕਰਦੇ ਹਨ ਭਾਵੇਂ ਕਿ ਇਹ ਗੀਤ / ਮੁੱਖੜਾ/ ਸਲੋਕ ਸਹੁੰ ਖਾਣ ਜਿੰਨਾ ਕੁ ਹੀ ਹੋਵੇ । ਇੱਥੋਂ ਤੱਕ ਕਿ ਕਈ ਆਰਕੈਸਟਰਾ ਵਾਲੇ ਵੀ ਆਪਣਾ ਫੜਕਦਾ ਅਤੇ ਲਰਜ਼ਦਾ ਪ੍ਰੋਗਰਾਮ ਦੇਣ ਤੋਂ ਪਹਿਲਾਂ ਪ੍ਰਮਾਤਮਾ ਦਾ ਨਾਂ ਘੜੀ ਪਲ ਲੈਂਦੇ ਨੇ । ਇਸੇ ਤਰ੍ਹਾਂ ਸਾਡੀਆਂ ਲੋਕ ਕਹਾਣੀਆਂ ਦੇ ਅਹਿਮ ਪਾਤਰ ਵੀ ਚੋਰੀਆਂ, ਠੱਗੀਆਂ ਤੇ ਡਾਕੇ ਮਾਰਨ ਤੋਂ ਬਾਅਦ ਰੱਬ ਨਾਲ ਹਿੱਸਾ ਪੱਤੀ ਕਰਦੇ ਦਿਖਾਈ ਦਿੰਦੇ ਹਨ । ਆਮ ਸਮਾਜਿਕ ਵਰਤਾਰੇ ਵਿਚ ਵੀ ਕਈ ਲੋਕ ਆਪਣਾ ਦਸਵੰਧ ਕੱਢਣਾ ਜ਼ਰੂਰੀ ਸਮਝਦੇ ਹਨ। ਚਾਹੇ ਉਹ ਕਮਾਈ ਕਿਸੇ ਤਰ੍ਹਾਂ ਦੀ ਵੀ ਕਿਉਂ ਨਾ ਹੋਵੇ। ਇਨ੍ਹਾਂ ਸਭ ਗੱਲਾਂ ਤੋਂ ਭਾਵ ਹੈ ਕਿ ਮਨੁੱਖ ਰੱਬ ਦਾ ਨਾਂ ਲੈਕੇ ਸੁਰਖਰੂ ਹੋਣਾ ਚਾਹੁੰਦਾ ਹੈ ਜਾਂ ਉਹ ਆਪਣੇ ਕਾਰਜ ਵਿਚ ਰੱਬ ਨੂੰ ਭਾਈਵਾਲ ਬਣਾਉਂਦਾ ਹੈ।

ਜਦੋਂ ਵੀ ਕਿਸੇ ਵਿਅਕਤੀ ਦੀ ਜ਼ਿੰਦਗੀ ਚ ਖੁਸ਼ੀ ਦਾ ਮੁਕਾਮ ਆਉਂਦਾ ਹੈ, ਤਾਂ ਉਹ ਆਪਣੇ ਸੰਗੀ ਸਾਥੀਆਂ ਨਾਲ ਖੁਸ਼ੀ ਸਾਂਝੀ ਕਰਦਾ ਹੈ। ਸਿੱਖ ਧਰਮ ਨੂੰ ਮੰਨਣ ਵਾਲੇ ਗੁਰਬਾਣੀ ਤੋਂ ਓਟ ਆਸਰਾ ਤੱਕਦੇ ਹਨ । ਸਿੱਖ ਧਰਮ ਵਿਚ ਹੁਕਮਨਾਮੇ ਦੀ ਬਹੁਤ ਮਹੱਤਤਾ ਹੈ। ਜਨਮ, ਮਰਨ , ਵਿਆਹ , ਮਕਾਨ ਦੀ ਚੱਠ, ਰਿਟਾਇਰਮੈਂਟ, ਖੁਸ਼ੀ ਨਾਮੇ ਦਾ ਪਾਠ , ਨੌਕਰੀ ਜਾਂ ਹੋਰ ਕਿਸੇ ਵੀ ਅਹਿਮ ਮੌਕੇ ਹੁਕਮਨਾਮੇ ਤੋਂ ਸੇਧ ਲਈ ਜਾਂਦੀ ਹੈ ਤੇ ਉਸ ਮੁਤਾਬਕ ਚੱਲਣ ਦਾ ਤਹੱਈਆ ਕੀਤਾ ਜਾਂਦਾ ਹੈ। ਹੁਣ ਸਾਡੇ ਸੁਆਰਥੀ ਮਨਾਂ ਨੂੰ ਇਹ ਵੀ ਰਾਸ ਨਹੀਂ ਆ ਰਿਹਾ ਜਾਂ ਪਦਾਰਥਵਾਦੀ ਰੰਗ ਨੇ ਹੁਕਮਨਾਮੇ ਨੂੰ ਵੀ ਆਪਣੇ ਰੰਗ ਵਿਚ ਰੰਗ ਲਿਆ ਹੈ।

ਪਾਠੀ ਸਿੰਘ ਵੀ ਇਹ ਗਿਣਤੀਆਂ ਮਿਣਤੀਆਂ ਸਮਝਦੇ ਨੇ । ਚਾਹੀਦਾ ਤਾਂ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਜੋ ਵੀ ਪੰਨਾ ਖੁੱਲੇ, ਉਸੇ ਨੂੰ ਹੀ ਹੁਕਮ ਮੰਨਿਆ ਜਾਵੇ ਪਰ ਖੁਸ਼ੀ ਗਮੀ ਦੇ ਅੱਡ ਅੱਡ ਹੁਕਮਨਾਮੇ ਉਪਲਬਧ ਹਨ ਅਤੇ ਸਾਨੂੰ ਉਹ ਹੀ ਸੁਣਨ ਨੂੰ ਮਿਲਦੇ ਹਨ। ਗੱਲ ਹੋ ਰਹੀ ਸੀ , ਸੁਆਰਥੀ ਮਨ ਦੀ । ਅਸੀਂ ਹਰੇਕ ਵਰਤਾਰੇ ਨੂੰ ਆਪਣੇ ਹੱਕ ਚ ਭੁਗਤਦਾ ਦੇਖਣਾ ਚਾਹੁੰਦੇ ਹਾਂ। ਚਾਹੇ ਉਹ ਸਾਡੇ ਨਾਲ ਸੰਬੰਧਿਤ ਹੋਵੇ ਜਾਂ ਨਹੀਂ । ਇਹੋ ਜਿਹੀ ਹੀ ਇੱਕ ਉਦਾਹਰਨ ਹੈ "ਏਹਿ ਭਿ ਦਾਤਿ ਤੇਰੀ ਦਾਤਾਰ " ਇਹ ਪਵਿੱਤਰ ਤੁਕ ਅਸੀਂ ਆਮ ਤੌਰ ਤੇ ਆਲੀਸ਼ਾਨ ਕੋਠੀਆਂ , ਵੱਡੀਆਂ ਵੱਡੀਆਂ ਗੱਡੀਆਂ , ਏ. ਸੀ. ਕਾਰਾਂ ਅਤੇ ਬੰਗਲਿਆਂ ਆਦਿ ਉੱਤੇ ਲਿਖੀ ਦੇਖਦੇ ਹਾਂ । ਚੰਗੀ ਗੱਲ ਹੈ ਕਿ ਵਿਅਕਤੀ ਨਿਮਾਣਾ ਹੋ ਕੇ ਉਸ ਸੱਚੇ ਪਾਤਸ਼ਾਹ ਦੀ ਸਿਫਤ ਸਲਾਹੁਤਾ ਕਰਦਾ ਹੈ ਅਤੇ ਉਸ ਨੂੰ

ਵਡਿਆਉਂਦਾ ਹੈ । ਇਸ ਵਿਚੋਂ ਉਸ ਦੀ ਨਿਰਮਾਣਤਾ/ਨਿਮਰਤਾ ਝਲਕਦੀ ਹੈ ਜਿਵੇਂ ਕਈ ਵੱਡੀਆਂ ਕੋਠੀਆਂ ਦੇ ਮਾਲਕ ਆਪਣੇ ਘਰਾਂ ਦਾ ਨਾਂ " ਗਰੀਬ ਨਿਵਾਸ " ਰੱਖ ਲੈਂਦੇ ਹਨ । ਉਂਝ ਦੇਖਿਆ ਜਾਵੇ ਕਿ ਕੀ ਇਸ ਤੁਕ ਦੇ ਅਰਥ ਇਹ ਹੀ ਹਨ ਜਾਂ ਸਾਡਾ ਸੁਆਰਥੀ ਮਨ ਅਚੇਤ / ਸੁਚੇਤ ਅਰਥਾਂ ਦਾ ਅਨਰਥ ਕਰ ਰਿਹਾ ਹੈ।ਆਓ, ਪਹਿਲਾਂ ਅਸਲੀ ਤੁਕ ਦੇਖੀਏ, ਤਾਂ ਜੋ ਅਰਥ ਸਪੱਸ਼ਟ ਹੋ ਜਾਣ । ਜਪੁਜੀ ਸਾਹਿਬ ਚ ਅੰਕਿਤ ਹੈ :

ਕੇਤਿਆ, ਦੂਖ ਭੂਖ ਸਦ ਮਾਰ ।।
ਏਹਿ ਭਿ ਦਾਤਿ ਤੇਰੀ ਦਾਤਾਰ ।।

ਅਰਥਾਤ ਅਨੇਕਾਂ ਜੀਵਾਂ ਨੂੰ ਸਦਾ ਮਾਰ ਕਲੇਸ਼ ਤੇ ਭੁੱਖ ਹੀ ਭਾਗਾਂ ਵਿਚ ਲਿਖੇ ਹਨ ਪਰ ਹੇ ਦੇਣਹਾਰ ਅਕਾਲ ਪੁਰਖ , ਇਹ ਭੀ ਤੇਰੀ ਬਖਸ਼ਿਸ਼ ਹੀ ਹੈ।

ਦੇਖ ਲਓ , ਸਾਡਾ ਸੁਆਰਥੀ ਮਨ ਅਚੇਤ / ਸੁਚੇਤ ਤੌਰ ਤੇ ਕਿਵੇਂ ਹਰ ਵਰਤਾਰੇ ਨੂੰ ਆਪਣੇ ਪੱਖ ਵਿਚ ਕਰਨ ਲਈ ਲਲਾਇਤ ਰਹਿੰਦਾ ਹੈ। ***8968946129***

[illegible]

1. [illegible] ਸਿੰਘ ਖਹਿਰਾ [illegible]
2. ਸ. [illegible] ਸਿੰਘ [illegible] ਵਾਲੇ [illegible]
3. ਸ. [illegible] ਸਿੰਘ [illegible] [illegible]
4. ਸ. ਗੁਰਮੁਖ ਸਿੰਘ [illegible] [illegible]
5. ਸ. ਇੰਦਰਜੀਤ ਸਿੰਘ ਸਿੱਧੂ [illegible] [illegible]
6. ਸ. ਸੁਰਜੀਤ ਸਿੰਘ 400/-
7. ਸ. [illegible] ਸਿੰਘ [illegible] [illegible]00/-

[illegible]
ਬੈਂਕ ਖਾਤਾ
ਭਾਈ ਦਿੱਤ ਸਿੰਘ ਪੱਤ੍ਰਿਕਾ
ਖਾਤਾ ਨੰ: 65139[illegible]105
ਬਰਾਂਚ: ਸਟੇਟ ਬੈਂਕ ਆਫ਼ ਇੰਡੀਆ,
ਕਜਹੇੜੀ, ਚੰਡੀਗੜ੍ਹ
IFSCode: SBIN0050435 swift

ਸਫ਼ਾ 17 ਦਾ ਬਾਕੀ

ਪ੍ਰਚਾਰਕ ਕੋਲ ਲੋੜੀਂਦਾ ਗਿਆਨ ਹੋਣਾ ਜ਼ਰੂਰੀ ਹੈ। ਪ੍ਰਚਾਰਕ ਆਪ ਸਿੱਖੀ ਵਿੱਚ ਪ੍ਰਬੀਨ ਹੋਣ ਤੇ ਉਨ੍ਹਾਂ ਕੋਲ ਪ੍ਰਵਾਨ ਪ੍ਰੋਗਰਾਮ ਦੀ ਰੂਪ ਰੇਖਾ ਬਣੀ ਹੋਵੇ। ਪ੍ਰਾਪਤੀਆਂ ਦਾ ਜਾਇਜ਼ਾ ਵੀ ਸਮੇਂ-ਸਮੇਂ ਸਿਰ ਲਿਆ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਜਟ ਪੰਜਾਬ ਸਰਕਾਰ ਦੇ ਬਰਾਬਰ ਹੁੰਦਾ ਹੈ। ਇਸ ਕੋਲ ਸਾਧਨਾਂ, ਪ੍ਰਚਾਰਕਾਂ ਦੀ ਘਾਟ ਨਹੀਂ ਹੈ। ਇਹ ਕੰਮ ਉਹ ਬੜੇ ਸੁਚੱਜੇ ਢੰਗ ਨਾਲ ਕਰਵਾ ਸਕਦੀ ਹੈ।

ਸਿੱਖ ਇਤਿਹਾਸ ਵਿੱਚ ਸਿੱਖ ਬੀਬੀਆਂ ਦਾ ਦਰਜਾ ਬੜਾ ਉੱਚਾ ਰਿਹਾ ਹੈ। ਇਸ ਲਈ ਬੀਬੀਆਂ ਨੂੰ ਆਪਣੇ ਪਰਿਵਾਰਾਂ ਵਿੱਚ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਗੁਰਮਤਿ ਤੋਂ ਜਾਣੂੰ ਕਰਵਾਉਣਾ ਚਾਹੀਦਾ ਹੈ। ਬਾਣੀ ਤੇ ਬਾਣੇ ਦੇ ਧਾਰਨੀ ਬਣਾਉਣ ਲਈ ਲੋੜੀਂਦੇ ਯਤਨ ਕਰਨੇ ਚਾਹੀਦੇ ਹਨ। ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨਾ ਸਮੇਂ ਦੀ ਵੱਡੀ ਲੋੜ ਹੈ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਚਾਰਕ ਪਿੰਡਾਂ ਦੀਆਂ ਸੱਥਾਂ, ਸਕੂਲਾਂ, ਕਾਲਜਾਂ ਤੇ ਪ੍ਰਵਾਰਾਂ ਵਿੱਚ ਜਾ ਕੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ।

ਖੁਸ਼ੀ ਭਰੀ ਖਬਰ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਪੰਜਾਬ ਦੇ 3 ਜੋਨਾਂ ਵਿੱਚ ਅਕਾਲ ਤਖਤ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ ਤੇ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਮੈਡੀਕਲ ਵੈਨਾਂ ਚਲਾਉਣ ਦਾ ਐਲਾਨ ਕੀਤਾ ਹੈ ਜਿਨ੍ਹਾਂ ਵਿੱਚ ਡਾਕਟਰਾਂ ਤੇ ਨਰਸਾਂ ਤੋਂ ਇਲਾਵਾ ਲੋੜਵੰਦਾਂ ਲਈ ਦਵਾਈਆਂ ਦਾ ਪ੍ਰਬੰਧ ਹੋਵੇਗਾ।

ਉਧਰ ਦੁਆਬਾ, ਚੰਡੀਗੜ੍ਹ ਤੇ ਹਿਮਾਚਲ ਦੇ ਤੀਜੇ ਪੜਾਅ ਦੁਆਬਾ ਖੇਤਰ ਦੀ ਆਰੰਭਤਾ 11 ਫਰਵਰੀ 2018 ਨੂੰ ਸ੍ਰੀ ਆਨੰਦਪੁਰ ਸਾਹਿਬ ਤੋਂ ਸ਼ੁਰੂ ਹੋ ਚੁੱਕੀ ਹੈ।

ਧਰਮ ਪ੍ਰਚਾਰ ਲਹਿਰ ਨੂੰ ਘਰ-ਘਰ ਪਹੁੰਚਾਉਣ ਲਈ 100 ਪ੍ਰਚਾਰਕ, 20 ਢਾਡੀ, 10 ਕਵੀਸ਼ਰੀ ਜੱਥੇ ਭਰਤੀ ਕਰਨ ਦਾ ਫੈਸਲਾ ਹੋਇਆ ਹੈ। ਇਹ 100 ਪ੍ਰਚਾਰਕ ਪੋਸਟ ਗਰੈਜੂਏਟ ਜਾਂ ਪੀ.ਐਚ.ਡੀ. ਦੀ ਯੋਗਤਾ ਰੱਖਦੇ ਹੋਣ। ਇਸ ਤਰ੍ਹਾਂ ਹੋ ਜਾਣ ਨਾਲ ਸਿੱਖੀ ਦਾ ਧਰਮ ਪ੍ਰਚਾਰ ਉਸਾਰੂ ਢੰਗ ਨਾਲ ਹੋ ਸਕੇਗਾ।

9463600252

****

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੂ ਪਦਵੀ ਤੋਂ ਮੁਨੱਕਰ ਹੋਣਾ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਹੋਰ ਗ੍ਰੰਥ ਨੂੰ ਸਥਾਪਨ ਕਰਨਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੈ।



ਜਥੇਦਾਰ ਮਹਿੰਦਰ ਸਿੰਘ ਖਹਿਰਾ (ਇੰਗਲੈਂਡ)

1469 ਈ: ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਲੈ ਕੇ ਦਸਾਂ ਜਾਮਿਆਂ ਦੇ ਗੁਰੂ ਕਾਲ ਦਾ ਇਤਿਹਾਸ, 1708 ਈ: ਵਿੱਚ ਦਸ਼ਮੇਸ਼ ਪਿਤਾ ਵਲੋਂ ਜਾਗਤ ਜੋਤ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋ ਜੁਗ ਅਟੱਲ ਗੁਰਗੱਦੀ 'ਤੇ ਸਥਾਪਤ ਕਰਨ ਦਾ ਇਤਿਹਾਸ, 1708 ਈ: ਤੋਂ 1799 ਈ: ਤਥ ਸਿੱਖ ਰਾਜ ਸਥਾਪਤ ਕਰਨ ਦਾ ਇਤਿਹਾਸ 1709 ਈ: ਤੋਂ 1849 ਤਕ ਸਿੱਖ ਰਾਜ ਦਾ ਇਤਿਹਾਸ, 1849 ਈ: ਤੋਂ ਲੈ ਕੇ 1947 ਈ: ਤਕ ਗੁਲਾਮ ਭਾਰਤ ਨੂੰ ਅੰਗਰੇਜ਼ਾਂ ਤੋਂ ਅਜ਼ਾਦ ਕਰਵਾਉਣ ਦਾ ਇਤਿਹਾਸ ਅਤੇ ਇਸ ਸਾਰੇ ਸਮੇਂ ਦੌਰਾਨ ਸਿੱਖਾਂ ਦੀਆਂ ਬੇਅੰਤ ਕੁਰਬਾਨੀਆਂ ਇਸ ਗੱਲ 'ਤੇ ਮੋਹਰ ਲਗਾਉਂਦੀਆਂ ਹਨ ਕਿ ਸਿੱਖ ਇੱਕ ਵੱਖਰੀ ਕੌਮ ਹੈ। ਪਰ ਸਾਡੀ ਤ੍ਰਾਸਦੀ ਇਹ ਹੈ ਕਿ ਭਾਰਤੀ ਸੰਵਿਧਾਨ ਸਿੱਖ ਦੀ ਵਿਆਖਿਆ 'ਕੇਸਾਧਾਰੀ ਹਿੰਦੂ' ਵਜੋਂ ਕਰਦੇ ਹੈ ਅਤੇ ਜਿਹੜੀਆਂ ਕੌਮਾਂ ਆਪਣਾ ਇਤਿਹਾਸ ਸਾਂਭਣ ਲਈ ਚੇਤੰਨ ਨਹੀਂ ਹੁੰਦੀਆਂ ਹਨ, ਦੁਸ਼ਮਣਾਂ ਵਲੋਂ ਪਹਿਲਾਂ ਉਨ੍ਹਾਂ ਦਾ ਇਤਿਹਾਸ ਵਿਗਾੜਿਆ ਜਾਂਦਾ ਹੈ ਅਤੇ ਫਿਰ ਸਾਜ਼ਿਸ਼ ਤਹਿਤ ਸਾਰਾ ਇਤਿਹਾਸ ਹੀ ਆਪਣੀ ਮਰਜ਼ੀ ਨਾਲ ਲਿਖ ਕੇ ਉਸ ਕੌਮ ਦੀ ਹੋਂਦ ਨੂੰ ਮੁੱਢ ਤੋਂ ਹੀ ਰੱਦ ਕਰ ਦਿੱਤਾ ਜਾਂਦਾ ਹੈ। ਸਿੱਖ ਇਤਿਹਾਸ ਨੂੰ ਆਪਣੀ ਮਰਜ਼ੀ ਨਾਲ ਲਿਖਵਾਉਣ ਲਈ ਸਿੱਖ ਵਿਰੋਧੀ ਸੰਗਠਨ ਅਤੇ ਪੰਥ-ਦੋਖੀ ਏਜੰਸੀਆਂ ਪੂਰੀ ਤਰ੍ਹਾਂ ਸਰਗਰਮ ਹਨ। ਆਰ.ਐਸ.ਐਸ. ਅਤੇ ਸਿੱਖ ਵਿਰੋਧੀ ਧਿਰਾਂ ਦੇ ਹੱਥ ਠੋਕੇ ਸਿੱਖੀ ਭੇਸ ਵਿੱਚ ਛੁਪੇ ਅਖੌਤੀ ਮਹਾਨ ਇਤਿਹਾਸਕਾਰਾਂ ਨੇ ਸਿੱਖ ਇਤਿਹਾਸ ਰੂਪੀ ਦਰੱਖਤ ਦੀਆ ਜੜ੍ਹਾਂ ਇੰਨੀਆਂ ਖੋਖਲੀਆਂ ਕਰ ਦਿੱਤੀਆਂ ਹਨ ਕਿ ਜੋ ਅਸੀਂ ਅਜੇ ਵੀ ਨਾ ਸੰਭਲੇ ਤਾਂ ਪੰਥ-ਦੋਖੀ ਧਿਰਾਂ ਸਾਡੇ ਇਤਿਹਾਸ ਰੂਪੀ ਦਰਖਤ ਨੂੰ ਜੜ੍ਹਾਂ ਤੋਂ ਉਖੇੜ ਦੇਣਗੀਆਂ।

ਪਾਠਕਾਂ ਅੰਦਰ ਸਿੱਖ ਇਤਿਹਾਸ ਦੀ ਖੋਜ-ਪੜਤਾਲ ਦੀ ਰੁਚੀ ਪੈਦਾ ਕਰਨ ਲਈ ਇਹ ਇਤਿਹਾਸਿਕ ਹਵਾਲੇ ਇਕ ਨਿਗੂਣਾ ਜਿਹਾ ਯਤਨ ਹਨ। ਆਓ, ਪੰਥ ਪ੍ਰਵਾਨਤ ਪੰਥਕ ਚਿੰਤਕਾਂ ਅਤੇ ਨਾਮਵਰ ਇਤਿਹਾਸਕਾਰਾਂ ਦੀਆਂ ਵੰਨਗੀਆਂ ਵੇਖੀਏ ਅਤੇ ਉਨ੍ਹਾਂ ਤੋਂ ਨਰੋਈ ਸੇਧ ਪ੍ਰਾਪਤ ਕਰੀਏ।

ਸ਼੍ਰੋਮਣੀ ਢਾਡੀ ਅਤੇ ਇਤਿਹਾਸਕਾਰ ਸੋਹਣ ਸਿੰਘ ਸੀਤਲ:

ਸਿੱਖ ਇਤਿਹਾਸ ਬਣਾਉਣਾ ਜਾਣਦੇ ਹਨ, ਲਿਖਣਾ ਨਹੀਂ। ਦੁਨੀਆਂ ਭਰ ਦੀਆਂ ਕੌਮਾਂ ਵਿਚੋਂ ਸਿੱਖਾਂ ਦਾ ਇਤਿਹਾਸ ਸਭ ਨਾਲੋਂ ਸੁੰਦਰ ਹੈ। ਇਸ ਜਿੰਨੇ ਨਿਰਵੈਰ ਸੰਤ, ਸਿਰਲੱਥ ਸੂਰਮੇ ਤੇ ਸਿਰਮੌਰ ਸ਼ਹੀਦ ਹੋਰ ਕਿਸੇ ਕੌਮ ਵਿੱਚ ਨਹੀਂ ਹੋਏ। ਇਸ ਨੂੰ ਸ਼ਹੀਦਾਂ ਦੀ ਕੌਮ ਕਿਹਾ ਜਾਏ ਤਾਂ ਨਿਰੋਲ ਸੱਚ ਹੈ। ਪਰ ਸਿੱਖ ਕੌਮ ਦੀ ਤ੍ਰਾਸਦੀ ਇਹ ਹੈ ਕਿ 'ਸਿੱਖ ਇਤਿਹਾਸ ਦੇ ਨਾਮ ਥੱਲੇ ਜੋ ਕੁਝ ਸਾਡੇ ਤਕ ਪਹੁੰਚਿਆ ਹੈ, ਉਹ ਸਭ ਓਪਰਿਆਂ ਦਾ ਲਿਖਿਆ ਹੋਇਆ ਹੈ। ਉਸ ਦੇ ਲਿਖਾਰੀ ਜਾਂ ਤਾਂ ਸਾਡੇ ਵੈਰੀਆਂ ਵਿਚੋਂ ਸਨ, ਤੇ ਜਾਂ ਐਨੇ ਓਪਰੇ ਕਿ ਉਹ ਸਾਡੀ ਰਹਿਣੀ-ਬਹਿਣੀ ਤੇ ਸਾਡੇ ਸਿਧਾਂਤ ਬਾਰੇ ਕੁਝ ਨਹੀਂ ਜਾਣਦੇ ਸਨ। ਸਭ ਤੋਂ ਪਹਿਲਾਂ ਮੁਸਲਿਮ ਲਿਖਾਰੀਆਂ ਦੀ ਵਾਰੀ ਆਉਂਦੀ ਹੈ। ਉਨ੍ਹਾਂ ਵਿਚੋਂ ਬਹੁਤੇ ਉਹ ਸਨ, ਜੋ ਸਮੇਂ-ਸਮੇਂ ਸਾਡੇ ਨਾਲ ਲੜਦੇ ਰਹੇ ਜਾਂ ਸਾਡੇ ਨਾਲ ਲੜਨ ਵਾਲਿਆਂ ਦੇ ਨੌਕਰ ਸਨ। ਉਹ ਸਾਨੂੰ ਇਸਲਾਮ ਦੇ ਵੈਰੀ ਤੇ ਪੱਕੇ ਕਾਫਰ ਸਮਝਦੇ ਅਤੇ ਪ੍ਰਚਾਰਦੇ ਰਹੇ ਹਨ। (ਭਾਵੇਂ ਇਹ ਦੋਵੇਂ ਗੱਲਾਂ ਹੀ ਝੂਠੀਆਂ ਹਨ।) ਉਨ੍ਹਾਂ ਦੇ ਦਿਲਾਂ ਵਿੱਚ ਸਾਡੇ ਵਾਸਤੇ ਏਥੋਂ ਤਕ ਨਫਰਤ ਸੀ ਕਿ ਉਹ ਸਾਡੇ ਵਾਸਤੇ ਘਿਰਣਾ ਭਰੇ ਸ਼ਬਦ ਵਰਤਦੇ ਰਹੇ। ਉਨ੍ਹਾਂ ਦੀਆਂ

ਲਿਖ਼ਤਾਂ ਨੇ 'ਸਿੱਖ ਇਤਿਹਾਸ' ਨਾਲ ਕਿੰਨਾ ਕੁ ਇਨਸਾਫ ਕੀਤਾ ਹੋਵੇਗਾ, ਇਹ ਵਿਚਾਰਨਾ ਜ਼ਿਆਦਾ ਔਖਾ ਨਹੀਂ ਹੈ।

ਫਿਰ ਵਾਰੀ ਆਉਂਦੀ ਹੈ ਹਿੰਦੂ ਪੰਡਤਾਂ ਦੀ। ਅਸੀਂ ਸਮਾਜਿਕ ਤੌਰ 'ਤੇ ਜਿੰਨੇ ਉਨ੍ਹਾਂ ਦੇ ਨੇੜੇ ਹਾਂ, ਧਾਰਮਿਕ ਸਿਧਾਂਤ ਅਨੁਸਾਰ ਓਨੇ ਹੀ ਉਨ੍ਹਾਂ ਤੋਂ ਦੂਰ ਹਾਂ। ਸਾਡਾ ਖਾਣ-ਪੀਣ ਉਨ੍ਹਾਂ ਨਾਲ ਸਾਂਝਾ ਹੈ, ਪਰ ਉਪਾਸ਼ਨਾ ਬਿਲਕੁਲ ਵੱਖਰੀ ਹੈ। ਉਹ ਬੁੱਤ ਪੂਜ ਹਨ ਤੇ ਅਸੀਂ ਨਿਰੰਕਾਰ ਪੁਜਾਰੀ, ਉਹ ਜਾਤ-ਪਾਤ, ਛੂਤ-ਛਾਤ ਦੇ ਪੱਕੇ ਹਾਮੀ ਹਨ ਤੇ ਅਸੀਂ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਮੰਨਣ ਵਾਲੇ, ਸੋ ਹਿੰਦੂ ਪੰਡਤ ਸਾਨੂੰ ਚਾਹੁੰਦਾ ਹੈ, ਮਗਰ ਸਾਡੇ ਨਿਆਰੇਪਨ ਨੂੰ ਨਹੀਂ, ਇਸ ਧੜੇ ਦੇ ਲਿਖਾਰੀਆਂ ਨੇ ਜੋ ਕੁਝ ਵੀ ਸਾਡੇ ਬਾਰੇ ਲਿਖਿਆ ਹੈ, ਇਕ ਗੱਲ ਨੂੰ ਮੁੱਖ ਰੱਖ ਕੇ ਲਿਖਿਆ ਹੈ ਕਿ ਸਿੱਖ ਹਿੰਦੂ ਹੀ ਹਨ। ਇਨ੍ਹਾਂ ਨੇ ਇਤਿਹਾਸ ਵਿੱਚ ਕਈ ਸਾਖੀਆਂ ਅਣਹੋਣੀਆਂ ਲਿਖੀਆਂ ਹਨ। ਇਨ੍ਹਾਂ ਦੀਆਂ ਲਿਖਤਾਂ ਵਿਚੋਂ ਸੱਚ ਨਿਖੇੜਨਾ, ਮੁਸਲਮਾਨਾਂ ਦੀਆਂ ਲਿਖਤਾਂ ਨਾਲੋਂ ਵੀ ਔਖਾ ਹੈ। ਤੀਸਰੀ ਸ਼੍ਰੇਣੀ ਦੇ ਓਪਰੇ ਲਿਖਾਰੀ ਅੰਗਰੇਜ਼ ਹਨ। ਉਹ ਉਦੋਂ ਨਵੇਂ ਨਵੇਂ ਇਸ ਦੇਸ਼ ਵਿੱਚ ਆਏ ਸਨ ਤੇ ਰਹਿਣੀ ਬਹਿਣੀ ਤੋਂ ਬਿਲਕੁਲ ਅਣਜਾਣ ਸਨ। ਉਨ੍ਹਾਂ ਨੇ ਜੋ ਕੁਝ ਲੋਕਾਂ ਤੋਂ ਸੁਣਿਆ, ਉਹ ਲਿਖ ਦਿੱਤਾ। ਉਡੀਆਂ ਉਡਾਈਆਂ ਗੱਲਾਂ ਵਿਚੋਂ ਸੱਚ ਝੂਠ ਨਿਖੇੜ ਕੇ ਲਿਖਣਾ ਉਨ੍ਹਾਂ ਦੀ ਸਮਝ ਤੋਂ ਬਾਹਰ ਸੀ। ਮਗਰੋਂ ਜੋ ਘਟਨਾਵਾਂ ਹੋਈਆਂ, ਉਨ੍ਹਾਂ ਵਿਚੋਂ ਕੁਝ ਅੰਗਰੇਜ਼ ਲਿਖਾਰੀਆਂ ਨੇ ਅੱਖੀਂ ਡਿੱਠੀਆਂ ਸਨ, ਉਹ ਉਨ੍ਹਾਂ ਹੂਬਹੂ ਲਿਖੀਆਂ, ਇਤਿਹਾਸ ਦੇ ਉਹ ਪੰਨੇ ਸਾਡੇ ਵਾਸਤੇ ਬੜੇ ਕੀਮਤੀ ਹਨ।

ਉਪਰ ਦੱਸੀਆਂ ਤਿੰਨਾਂ ਸ਼੍ਰੇਣੀਆਂ ਦੀਆ ਲਿਖਤਾਂ ਨੂੰ ਸਾਹਮਣੇ ਰੱਖ ਕੇ ਵਿਚਾਰੀਏ ਤਾਂ ਸੱਚ ਲੱਭ ਪੈਂਦਾ ਹੈ, ਪਰ ਬੜੀ ਕਠਿਨ ਮਿਹਨਤ ਕਰਨੀ ਪੈਂਦੀ ਹੈ।

ਇਤਿਹਾਸਕਾਰ ਪ੍ਰਿੰਸੀਪਲ ਸਤਿਬੀਰ ਸਿੰਘ:

ਭਾਈ ਮਨੀ ਸਿੰਘ ਜੀ ਪਾਸੋਂ ਪੁਛਿਆ ਕਿ ਉਹ ਕਿਵੇਂ ਜਾਨਣ ਕਿ ਕਿਹੜੀ ਸਾਖੀ ਸਹੀ ਹੈ ਤੇ ਕਿਹੜੀ ਗਲਤ? ਤਾਂ ਭਾਈ ਸਾਹਿਬ ਨੇ ਕਿਹਾ ਸੀ, "ਹੰਸ ਬਣ ਜਾਓ" ਹੰਸ ਦੀ ਚੁੰਝ ਵਿੱਚ ਖਟਾਸ ਹੈ ਤੇ ਜਦ ਉਹ ਦੁੱਧ ਰਲੇ ਪਾਣੀ ਵਿੱਚ ਚੁੰਝ ਮਾਰੇਗਾ ਤਾਂ ਦੁੱਧ ਵੱਖ ਤੇ ਪਾਣੀ ਵੱਖ ਹੋ ਜਾਵੇਗਾ। ਜੇ ਐਸਾ ਨਾ ਕਰ ਸਕੇ ਤਾਂ ਹੋਰ ਸੌਖਾ ਢੰਗ ਹੈ, ਹੇਠਾਂ ਤਾਅ ਦੇ ਦੇਵੋ ਤਾਂ ਪਾਣੀ ਉਡ ਜਾਏਗਾ ਤੇ ਦੁੱਧ ਰਹਿ ਜਾਏਗਾ। ਦੁੱਧ ਰੂਪੀ ਇਤਿਹਾਸ ਬਹੁਤ ਮਿਹਨਤ ਤੇ ਲਗਨ ਪਿਛੋਂ ਮਿਲ ਸਕਦਾ ਹੈ।

ਸ੍ਰੀ ਮਾਨ ਲਾਲਾ ਕਿਰਪਾ ਸਾਗਰ:

ਭਾਰਤ ਦੇ ਇਤਿਹਾਸ ਵਿੱਚ ਸਿੱਖ ਇਤਿਹਾਸ ਦਾ ਇਕ ਚਮਕਦਾ ਹੀਰਾ ਏ। ਸੱਚ ਪੁੱਛੋ ਤਾਂ ਸਿੱਖੀ ਰਾਜ ਸਿੱਖ ਇਤਿਹਾਸ ਦੇ ਕਾਰਨ ਈ ਕਾਇਮ ਹੋਇਆ। ਗੁਰੂਆਂ ਦੇ ਪਵਿੱਤਰ ਜੀਵਨ ਇਤਿਹਾਸ ਦੀ ਨੀਂਹ ਸਨ, ਜਿਸ ਤੇ ਸ਼ਹੀਦਾਂ ਤੇ ਪੰਥ ਪ੍ਰੇਮੀਆਂ ਨੇ ਆਪਣੀਆਂ ਕੁਰਬਾਨੀਆਂ ਨਾਲ ਸੁੰਦਰ ਅਟਾਰੀ ਖੜ੍ਹੀ ਕੀਤੀ ਹੈ। ਦਸ਼ਮੇਸ਼ ਪਿਤਾ ਜੀ ਦੀ ਨਿਡਰਤਾ, ਸੱਚ ਤੇ ਦ੍ਰਿੜਤਾ ਉਨ੍ਹਾਂ ਦੇ ਵਿਰਸੇ ਵਿੱਚ ਆਈ। ਸ਼ਹੀਦਾਂ, ਸਾਹਿਬਜ਼ਾਦੀਆਂ, ਪੰਜਾਂ ਪਿਆਰਿਆਂ ਤੇ ਮੁਕਤਿਆਂ ਦੀਆਂ ਸਾਖੀਆਂ ਵਾਰ ਵਾਰ ਕੰਨਾਂ ਵਿੱਚ ਸੁਣਾਈ ਦੇਂਦੀਆਂ ਸਨ। ਗੁਰੂ ਮਹਾਰਾਜ ਪਿਤਾ ਸਮਝੇ ਜਾਂਦੇ ਸਨ ਤੇ ਸਭ ਸਿੱਖ ਉਨ੍ਹਾਂ ਦੀ ਸੰਤਾਨ ਮੰਨੇ ਗਏ ਸਨ। ਗੁਰੂ ਕਾ ਘਰ ਸਭ ਦਾ ਸਾਂਝਾ ਹੁੰਦਾ ਸੀ ਅਤੇ ਸਿੱਖ, ਕਦੇ ਸਿੱਖ ਦਾ ਦੋਖੀ ਨਹੀਂ ਸੀ ਹੋ ਸਕਦਾ। ਇਹੋ ਜਿਹੇ ਹਾਲਾਂ ਵਿੱਚ ਇਹ ਭਲਾ ਕੀਕਣ ਹੋ ਸਕਦਾ ਸੀ ਕਿ ਕੋਈ ਸਿੱਖ ਪਰਾਈ ਗੁਲਾਮੀ ਵਿੱਚ ਜਕੜਿਆ ਰਹਿਣਾ ਪਸੰਦ ਕਰਦਾ। ਇਤਿਹਾਸ ਨੇ ਆਦਰਸ਼ ਦਸਿਆ ਤੇ ਸਿੱਖਾਂ ਨੇ ਸਵਰਾਜ ਕਾਇਮ ਕਰ ਲਿਆ। ਹੁਣ ਜੋ ਹਰ ਰੋਜ਼ ਸੁਣਦੇ ਹਾਂ ਕਿ ਫਲਾਣਾ ਸਿੱਖ ਸਿੱਖੀ ਤੋਂ ਪਤਿਤ ਹੋ ਗਿਆ ਤਾਂ ਇਸ ਵਿਚ ਹੈਰਾਨ ਕਰਨ ਵਾਲੀ ਗੱਲ ਨਹੀਂ ਹੈ। ਸਿੱਖੀ, ਸਿੱਖ ਇਤਿਹਾਸ ਦੇ ਸਿਰ 'ਤੇ ਕਾਇਮ ਸੀ ਤੇ ਉਹ ਇਤਿਹਾਸ ਲੋਕਾਂ ਨੂੰ ਭੁੱਲ ਰਹੇ ਹਨ।

ਪ੍ਰਿੰਸੀਪਲ ਤੇਜਾ ਸਿੰਘ ਤੇ ਡਾ. ਗੰਡਾ ਸਿੰਘ: ਇਥੇ ਇਹ ਦੱਸਣ ਦਾ ਵੀ ਯਤਨ ਕੀਤਾ ਗਿਆ ਹੈ ਕਿ ਸਿੱਖਾਂ ਤੇ ਹਿੱਤਾਂ ਨੂੰ, ਜੋ ਮੁਲਕ ਦੇ ਹੀ ਹਿੱਤ ਸਨ, ਇਕ ਸਖਤ ਅਤੇ ਧੀਰਜਮਈ ਸੰਘਰਸ਼ ਤੋਂ ਪਿਛੋਂ ਸਫਲਤਾ ਮਿਲੀ। ਸਿੱਖੀ 'ਤੇ ਆਏ ਕਸ਼ਟਾਂ ਨੇ ਉਨ੍ਹਾਂ ਦੇ ਚਰਿੱਤਰ ਨੂੰ ਕਿਵੇਂ ਸੰਵਾਰਿਆ ਅਤੇ ਉਨ੍ਹਾਂ ਦੇ ਕੌਮੀ ਮਨੋਰਥ ਨੂੰ ਕਿਵੇਂ ਢਾਲਿਆ, ਜਿਸ ਦੁਆਰਾ ਉਨ੍ਹਾਂ ਨੇ ਵਿਦੇਸ਼ੀਆਂ ਦੇ ਪੰਜੇ ਤੋਂ ਮੁਲਕ ਨੂੰ ਮੁਕਤ ਕਰਾਉਣਾ ਸੀ। ਇਹ ਸੰਘਰਸ਼ ਇਕ ਸਦੀ ਤਕ ਚਲਦਾ ਗਿਆ ਅਤੇ ਆਖਰਕਾਰ ਸਿੱਖਾਂ ਨੂੰ ਪੰਜਾਬ ਦੀ ਬਾਦਸ਼ਾਹੀ ਪ੍ਰਾਪਤ ਹੋ ਗਈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਬਹੁਤ ਚੰਗੇ ਲੜਾਕੇ ਸਿੱਧ

ਹੋਏ ਹਨ, ਉਹ ਕਿਸਾਨ, ਤਰਖਾਣ, ਕਾਰੀਗਰ, ਇੰਜਨੀਅਰ, ਡਾਕਟਰ, ਵਪਾਰੀ, ਕਵੀ ਤੇ ਚਿਤਕਾਰ ਵਜੋਂ ਵੀ ਉਤਨੇ ਹੀ ਚਮਕੇ ਹਨ। ਰਹੱਸਾਤਮਕ ਜੋਸ਼ ਜਾਂ ਹਨੇਰ ਬਿਰਤੀ ਨਾਲੋਂ ਆਮ ਸੂਝ ਤੇ ਡੂੰਘੀ ਸੋਚ-ਵਿਚਾਰ ਉਨ੍ਹਾਂ ਦਾ ਵਿਸ਼ੇਸ਼ ਲਛਣ ਰਿਹਾ ਹੈ। ਜੋ ਸਮਗਰੀ ਅਸੀਂ ਵਰਤੀ ਹੈ, ਉਹ ਵਿਸ਼ੇਸ਼ ਕਰਕੇ ਮੁੱਢਲੇ ਸਰੋਤਾਂ ਵਿਚੋਂ ਲਈ ਹੈ ਅਤੇ ਪਿਛਲੇਰੇ ਸਰੋਤ ਮੁਢੱਲਿਆਂ ਦੀ ਪੁਸ਼ਟੀ ਵਿੱਚ ਵਰਤੇ ਗਏ ਹਨ। ਉਦਾਹਰਣ ਵਜੋਂ, ਗੁਰੂ ਗ੍ਰੰਥ ਸਾਹਿਬ ਨੂੰ ਇਸ ਵਿੱਚ ਇਕ ਸਰੋਤ ਵਜੋਂ ਵਰਤਿਆ ਗਿਆ ਹੈ ਅਤੇ ਇਸ ਬਾਣੀ ਦੇ ਆਸ਼ੇ ਨੂੰ ਵਧੇਰੇ ਸਪੱਸ਼ਟ ਰੂਪ ਵਿੱਚ ਪ੍ਰਗਟਾਇਆ ਗਿਆ ਹੈ। ਇਸ ਸਪੱਸ਼ਟਤਾ ਦੀ ਆਸ ਉਨ੍ਹਾਂ ਲਿਖਾਰੀਆਂ ਤੋਂ ਨਹੀਂ ਰਖੀ ਜਾ ਸਕਦੀ, ਜਿਨ੍ਹਾਂ ਨੂੰ ਮੂਲ ਰੂਪ ਵਿੱਚ ਸਿੱਖ ਬਾਣੀ ਦਾ ਗਿਆਨ ਨਹੀਂ।

(ਪੁਸਤਕ 'ਸਿੱਖ ਇਤਿਹਾਸ' ਦੀ ਭੂਮਿਕਾ ਵਿਚੋਂ)

ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ:

ਸਾਡਾ ਕੁਝ ਕੁ ਲਿਖਤੀ ਇਤਿਹਾਸ ਹੈ, ਪਰ ਉਹ ਮੂਲੋਂ ਹੀ ਅਪੂਰਨ ਹੈ ਅਤੇ ਉਸ ਵਿਚੋਂ ਵਧੇਰੇ ਅਨਮੱਤ ਦੇ ਲੇਖਕਾਂ ਨੇ ਆਪਣੀਆਂ ਜਾਤੀ ਗਰਜ਼ਾਂ ਨੂੰ ਮੁੱਖ ਰੱਖ ਕੇ ਲਿਖਿਆ ਹੈ, ਜਿਸ ਦੇ ਪੜ੍ਹਨ ਨਾਲ ਲਾਭ ਦੀ ਥਾਂ ਉਲਟਾ ਅਸਰ ਪੈਂਦਾ ਹੈ। ਇਸ ਲਈ ਸਾਡਾ ਲਿਖਤੀ ਇਤਿਹਾਸ ਡੂੰਘੀ ਖੋਜ ਤੇ ਲੰਮੀ ਪੜਚੋਲ ਦਾ ਮੁਥਾਜ ਬਣਿਆ ਹੋਇਆ ਹੈ। ਅਜੇ ਵੀ ਸਮਾਂ ਹੈ ਕਿ ਪੰਥ ਦੇ ਵਿਦਵਾਨ ਆਪਣਾ ਕੀਮਤੀ ਦਿਮਾਗ ਕੌਮ ਦੇ ਇਸ ਅਤਿ ਲੋੜੀਂਦੇ ਕੰਮ ਤੋਂ ਵਾਰਕੇ ਸਮੇਂ ਦੀ ਕਾਲੀ ਚਾਦਰ ਹੇਠ ਲੋਪ ਹੋ ਰਹੇ ਇਤਿਹਾਸ ਨੂੰ ਬਚਾਉਣਾ ਚਾਹੁਣ ਤਾਂ ਬਚਾ ਸਕਦੇ ਹਨ। ਮਾਲੂਮ ਰਹੇ ਕਿ ਸਿੱਖ ਇਤਿਹਾਸ ਨੂੰ ਉਸ ਸਪਿਰਟ ਵਿਚ ਲਿਖਣਾ, ਜਿਸ ਵਿੱਚ ਉਹ ਬਣਾਇਆ ਗਿਆ ਸੀ, ਕੇਵਲ ਸਿੱਖ ਲਿਖਾਰੀਆਂ ਦਾ ਕੰਮ ਹੈ। ਅਨਮਤੀ ਇਸ ਦੀ ਅਸਲੀਅਤ ਨੂੰ ਸਮਝ ਹੀ ਨਹੀਂ ਸਕਦੇ, ਇਸ ਲਈ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਪੰਥ ਦੇ ਸ਼ੁਭਚਿੰਤਕ ਸਾਹਿਤਕ ਸੁਭਾ ਵਾਲੇ ਸੱਜਣ ਮੈਦਾਨ ਵਿੱਚ ਆਵਣ ਤੇ ਆਪਣੇ ਹੱਥੀਂ ਆਪਣੀ ਤਰਸਯੋਗ ਹਾਲਤ ਵਿੱਚ ਵਿਕੋਲਿਤ੍ਰਾ ਪਿਆ ਇਤਿਹਾਸ ਇਕੱਠਾ ਕਰਕੇ ਮੁਕੰਮਲ ਕਰ ਦੇਣ। ਇਸ ਦਾ ਫਲ ਇਹ ਨਿਕੇਲਗਾ ਕਿ ਆਪਣੇ ਬਜ਼ੁਰਗਾਂ ਦੇ ਜੀਵਨ ਇਤਿਹਾਸ ਨੂੰ ਪੜ੍ਹਕੇ ਸਾਡੇ ਬੱਚੇ ਆਪਣੇ ਆਪ ਵਿੱਚ ਉਨ੍ਹਾਂ ਵਡ-ਵਡੇਰਿਆਂ ਦੀਆਂ ਹੱਡੀਆਂ ਦੀ ਆਪਣੀ ਹੱਡੀ ਅਤੇ ਉਨ੍ਹਾਂ ਦੇ ਹੀ ਮਾਸ ਤੇ ਲਹੂ ਦਾ ਬਣਿਆ ਆਪਣਾ ਜਿਸਮ ਸਮਝਕੇ ਉਨ੍ਹਾਂ ਜਿਹਾ ਹੀ ਬਣ ਜਾਣਗੇ।

ਕਰਮ ਸਿੰਘ ਹਿਸਟੋਰੀਅਨ:

ਜਿਉਂ ਜਿਉਂ ਖੋਜ ਕੀਤੀ ਜਾਵੇ, ਤਿਉਂ ਤਿਉਂ ਨਵੀਆਂ ਗੱਲਾਂ ਲਭਦੀਆਂ ਹਨ ਅਤੇ ਇਹ ਨਵੀਆਂ ਗੱਲਾਂ ਪਹਿਲੇ ਲਿਖੇ ਇਤਿਹਾਸ ਨੂੰ ਵਧੇਰੇ ਚੰਗਾ ਤੇ ਗੁਣਕਾਰੀ ਬਣਾਇਆ ਕਰਦੀਆਂ ਹਨ। ਜੋ ਕੌਮ ਆਪਣੇ ਇਤਿਹਾਸ ਦੀ ਖੋਜ ਛੱਡ ਦੇਵੇ ਤੇ ਇਹ ਸਮਝ ਲਵੇਂ ਕਿ ਸਾਡਾ ਇਤਿਹਾਸ ਮੁਕੰਮਲ ਤੇ ਸੰਪੂਰਨ ਹੋ ਗਿਆ ਹੈ, ਸਾਨੂੰ ਹੁਣ ਖੋਜ ਦੀ ਲੋੜ ਨਹੀਂ, ਉਹ ਕੌਮ ਤੇ ਉਸ ਦਾ ਇਤਿਹਾਸ ਮੁਰਦਾ ਹੋ ਜਾਂਦਾ ਹੈ। ਖੋਜ ਦਾ ਭਾਵ ਮਸਾਲਾ ਇਕੱਠਾ ਕਰਨਾ ਹੀ ਨਹੀਂ, ਸਗੋਂ ਪੁਰਾਣੇ ਮਸਾਲੇ ਨੂੰ ਵਾਚਕੇ ਨਵੇਂ ਸਿੱਟੇ ਕਢਣਾ ਵੀ ਖੋਜ ਹੈ। ਸਭ ਤੋਂ ਪਹਿਲਾਂ ਤੇ ਜ਼ਰੂਰੀ ਕੰਮ ਨਵਾਂ ਮਸਾਲਾ ਇਕੱਠਾ ਕਰਨਾ ਹੈ ਤੇ ਫਿਰ ਨਵੇਂ ਤੇ ਪੁਰਾਣੇ ਮਸਾਲੇ ਵਾਚਣ ਤੇ ਘੋਖਣ ਦੀ ਲੋੜ ਹੈ ਅਤੇ ਅੰਤ ਵਿੱਚ ਦੁੱਧ ਨਾਲੋਂ ਪਾਣੀ ਨੂੰ ਨਿਖੇੜਨ ਦੀ ਲੋੜ ਹੈ। ਇਹ ਪੜਚੋਲ ਹੈ ਅਤੇ ਇਹ ਕੰਮ ਇਤਿਹਾਸ ਨਾਲ ਪਿਆਰ ਕਰਨ ਵਾਲੇ ਵਿਦਵਾਨਾਂ ਦਾ ਹੈ।

ਇਤਿਹਾਸਕਾਰ ਸੰਗਤ ਸਿੰਘ:

1947 ਵਿਚ ਇਸ ਉਪ ਮਹਾਦੀਪ ਦੇ ਆਜ਼ਾਦ ਹੋ ਜਾਣ ਨਾਲ ਸਿੱਖ, ਇਤਿਹਾਸ ਵਿੱਚ ਪਹਿਲੀ ਵਾਰੀ, ਸੁਰਜੀਤ ਹੋ ਰਹੇ ਹਿੰਦੂ ਧਰਮ ਦੀ ਸ੍ਰਪਰਸਤੀ ਹੇਠ ਆਏ, ਬ੍ਰਾਹਮਣਵਾਦ ਜਦੋਂ ਵੀ ਚੜ੍ਹਤ ਵਿੱਚ ਹੁੰਦਾ ਹੈ, ਇਹ ਦੂਜੇ ਧਰਮਾਂ ਪ੍ਰਤੀ ਅਸਹਿਣਸ਼ੀਲਤਾ, ਵਾਲਾ ਰਵਈਆਂ ਅਪਣਾਉਂਦਾ ਹੈ। ਇਸ ਵੇਲੇ ਸਿੱਖਾਂ ਲਈ ਜ਼ਰੂਰੀ ਸੀ ਕਿ ਉਹ ਇਤਿਹਾਸ ਦੀ ਨਵੇਂ ਸਿਰਿਉਂ ਘੋਖ ਕਰਦੇ ਅਤੇ ਇਹਦੇ ਤੋਂ ਭਵਿੱਖ ਲਈ ਢੁਕਵੇਂ ਸਬਕ ਲੈਂਦੇ। ਇਹ ਗੱਲ ਇਸ ਲਈ ਵੀ ਜ਼ਰੂਰੀ ਸੀ, ਕਿਉਂਕਿ ਸਿੱਖ ਇਤਿਹਾਸ ਅਤੇ ਸਿੱਖ ਧਰਮ ਸ਼ਾਸ਼ਤਰ ਨੂੰ ਉਲਟਾਉਣ ਦੇ ਨਿਰੰਤਰ ਯਤਨ ਕੀਤੇ ਜਾ ਰਹੇ ਸਨ। ਇਸ ਦੀ ਸ਼ੁਰੂਆਤ 17ਵੀਂ ਸਦੀ ਵਿੱਚ ਹੀ ਮੀਣਿਆਂ ਨੇ ਕਰ ਦਿੱਤੀ ਸੀ। ਉਨ੍ਹਾਂ ਨੇ ਬ੍ਰਾਹਮਣਾਂ ਦੇ ਨਾਲ ਰਲ ਕੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਨਾਲ ਭਿਆਨਕ ਕਰਤੂਤਾਂ ਕੀਤੀਆਂ ਸਨ। ਇਸ ਤੋਂ ਬਾਅਦ 18ਵੀਂ ਦੇ ਦੂਜੇ ਅੱਧ ਵਿੱਚ ਸਿੱਖਾਂ ਦੀ ਜਿੱਤ ਦੇ ਮੌਕੇ ਬ੍ਰਾਹਮਣ ਘੁਸਪੈਠੀਆਂ ਨੇ ਇਹ ਸਿਲਸਿਲਾ ਜਾਰੀ ਰੱਖਿਆ। ਉਨ੍ਹਾਂ ਨੇ ਸਿੱਖ ਧਰਮ ਸ਼ਾਸ਼ਤਰ ਵਿੱਚ ਗੰਭੀਰ ਕਿਸਮ ਦੀ ਰਲਾਵਟ ਕੀਤੀ। ਇਸ ਗੱਲ ਦਾ ਅਤਿਅੰਤ

ਮਾੜਾ ਪੱਖ ਇਹ ਹੈ ਕਿ ਇਸ ਰਲਾਵਟ ਨੂੰ ਮੌਲਿਕ ਵਜੋਂ ਸਥਾਪਤ ਕਰ ਦਿੱਤਾ ਗਿਆ ਹੈ। ਇਥੋਂ ਤਕ ਕਿ ਭਾਈ ਸੰਤੋਖ ਸਿੰਘ ਵਰਗੇ ਵਿਦਵਾਨ ਵੀ ਇਸ ਕਿਸਮ ਦੀ ਰਲਾਵਟ ਦੇ ਸ਼ਿਕਾਰ ਹੋਏ ਇਸ ਮੂਲੋਂ ਹੀ ਬੇਥੁਵੇ ਦ੍ਰਿਸ਼ਟੀਕੋਣ ਨੂੰ ਪ੍ਰਚਾਰਦੇ ਰਹੇ ਹਨ ਕਿ ਖਾਲਸੇ ਨੂੰ ਹਿੰਦੂ ਧਰਮ ਦੀ ਖੜਗ ਭੁਜਾ ਵਜੋਂ ਸਿਰਜਿਆ ਗਿਆ ਸੀ।

!ਪੰਥਕ ਵਿਦਵਾਨ ਅਤੇ ਕਥਾਕਾਰ ਗਿਆਨੀ ਮਾਨ ਸਿੰਘ ਝੌਰ:

ਤੁਸੀਂ ਆਪਣੇ ਮੁੰਡਿਆਂ ਦਾ ਇਮਤਿਹਾਨ ਲਵੋ। ਜਿਹੜਾ ਕਾਕਾ ਕਹਿੰਦਾ ਮੈਂ ਲਾਇਕ ਹੋ ਗਿਆ, ਉਹ ਤੁਹਾਨੂੰ ਮਸੋਲਿਨੀ ਦਾ ਇਤਿਹਾਸ ਸੁਣਾ ਦੇਵੇਗਾ, ਤੁਹਾਨੂੰ ਮਾਰਕਸ ਦਾ ਇਤਿਹਾਸ ਸੁਣਾ ਦੇਵੇਗਾ, ਤੁਹਾਨੂੰ ਸਟਾਲਿਨ ਦਾ ਇਤਿਹਾਸ ਸੁਣਾ ਦੇਵੇਗਾ, ਉਨ੍ਹਾਂ ਦਾ ਅੰਗਾ-ਪਿਛਾ, ਪੋਤਾ-ਪੜਪੋਤਾ, ਉਨ੍ਹਾਂ ਦਾ ਪਿਤਾਮਾ ਗਿਣਕੇ ਰੱਖ ਦੇਵੇਗਾ। ਮੈਂ ਜਦੋਂ ਉਸ ਨੂੰ ਪੁਛਿਆ, ਬਈ ਕਾਕਾ ਪੰਜਾ ਪਿਆਰਿਆਂ ਦੇ ਨਾਮ ਤਰਤੀਬਵਾਰ ਸੁਣਾ, ਪਹਿਲਾਂ ਕਿਹੜਾ ਉਠਿਆ, ਦੂਜੀ ਵਾਰੀ ਕੌਣ ਅਤੇ ਤੀਜੀ ਵਾਰੀ ਕਿਹੜਾ, ਤਾਂ ਅੱਗੋਂ ਕਾਕੇ ਦਾ ਜੁਆਬ ਸੀ, ਭਾਈ ਜੀ ਮੈਂ ਪੰਜਾਬੀ ਨਹੀਂ ਸੀ ਲਈ। ਜਦੋਂ ਮੈਂ ਦੂਹਰਾ ਕੇ ਪੁੱਛਿਆ, ਬਈ ਕਾਕਾ! ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ 1708 ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ 'ਤੇ ਸਥਾਪਤ ਕਰਨ, ਬੰਦਾ ਸਿੰਘ ਬਹਾਦਰ ਵਲੋਂ ਖਾਲਸਾ ਰਾਜ ਸਥਾਪਤ ਕਰਨ ਤੇ ਚਹੁੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਜਾਣਦਾ ਹੈਂ, ਤਾਂ ਅੱਗੋਂ ਕਾਕਾ ਜੀ ਖਿਝਕੇ ਕਹਿੰਦੇ, 'ਭਾਈ ਜੀ ਤੁਹਾਨੂੰ ਇਕ ਵਾਰ ਜੂ ਆਖਿਆ ਮੈਂ ਪੰਜਾਬੀ ਨਹੀਂ ਲਈ। ਆਪਣਾ ਇਤਿਹਾਸ ਗੁਰਮੁਖੀ ਅੱਖਰਾਂ ਵਿੱਚ ਪੜ੍ਹਨਾ ਸਾਡਾ ਮੁੰਡਾ ਪਾਪ ਸਮਝਦਾ ਏ। ਪੰਜਾਬੀ ਨੂੰ ਅਸੀਂ ਗੁਨਾਹ ਸਮਝਣ ਲੱਗ ਪਏ ਆ, ਜਿਹੜੇ ਕਿਤੇ ਅੰਗਰੇਜ਼ੀ ਵਿੱਚ ਦੋ ਅੱਖਰ ਲਿਖੇ, ਪੜ੍ਹੇ ਨੇ, ਕਹਿੰਦਾ, ਬਈ ਇਹ ਸੱਚ ਹੈ। ਹਾਲਾਂਕਿ ਉਹ ਝੂਠੀ ਚੀਜ਼ ਐ, ਨਾਲੇ ਜੂਠੀ। ਜਿਹੜੀ ਝੂਠੀ ਤੇ ਜੂਠੀ ਚੀਜ਼ ਸਾਨੂੰ ਮਿਲਦੀ ਹੈ, ਉਹਦੇ ਨਾਲ ਪਿਆਰ ਹੈ ਤੇ ਜਿਹੜੀ ਅਸਲੀ ਚੀਜ਼ ਪੰਜਾਬੀ ਹੈ, ਉਹਦੇ ਨਾਲ ਸਾਨੂੰ ਮੁਹਬਤ ਕੋਈ ਨਹੀਂ ਰਹੀ। ਅਸੀਂ ਤਰੱਕੀ ਨਹੀਂ ਕੀਤੀ, ਅਸੀਂ ਪਿਛਾਂਹ ਚਲੇ ਗਏ ਹਾਂ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੇ ਕਬਿਤ ਸਵੱਯਾਂ ਵਿੱਚ ਇਕ ਬਚਨ ਲਿਖਿਆ ਹੈ, "ਜੈਸੇ ਬੈਲ ਤੇਲੀ ਕੋ ਜਾਨਤ ਕਈ ਕੋਸ ਚਲਿਓ, ਆਖ ਉਘਰਤ ਵਾਂਹੀ ਠੌਰ ਹੀ ਟਿਕਾਨੇ ਹੈ।" ਪੰਜਾਬੀ ਛੱਡ ਕੇ ਅੰਗਰੇਜ਼ੀ ਦੇ ਲੜ ਲੱਗਣ ਨਾਲ ਇਤਿਹਾਸ ਪੱਖੋਂ ਇਹੀ ਹਾਲ ਸਿੱਖ ਕੌਮ ਦਾ ਹੋਇਆ ਹੈ।

(ਪੁਸਤਕ 'ਨਾਮ ਖੁਮਾਰੀ' ਦੇ ਲੇਖ 'ਬਨਾਉਟੀ ਇਤਿਹਾਸ' ਵਿਚੋਂ)

ਪ੍ਰੋਫੈਸਰ ਤੇਜਾ ਸਿੰਘ ਜੀ ਐਮ.ਏ.:

ਜਿਥੇ ਸਾਡੇ ਦੇਸ਼ ਵਿੱਚ ਹੋਰ ਹੁਨਰ ਚਲ ਰਹੇ ਹਨ, ਉਥੇ ਇਤਿਹਾਸ ਨੂੰ ਆਪਣੇ ਕੋਲੋਂ ਘੜਨ ਦਾ ਹੁਨਰ ਭੀ ਮਿਲਦਾ ਹੈ ਅਤੇ ਇਹ ਹੁਨਰ ਸਾਡੇ ਹੱਡਾਂ ਵਿੱਚ ਇੰਨਾ ਸਮਾ ਗਿਆ ਹੈ ਕਿ ਵੱਡੇ ਵੱਡੇ ਵਿਦਵਾਨ ਅਤੇ ਧਰਮੀ ਲੋਕ ਜੋ ਉਂਝ ਕੂੜ ਮਾਰਨ ਤੋਂ ਬਹੁਤ ਘਿਰਣਾ ਕਰਦੇ ਹਨ, ਪਰ ਧਾਰਮਿਕ ਇਤਿਹਾਸ ਨੂੰ ਵਿਗਾੜਣ ਤੋਂ ਨਹੀਂ ਸੰਗਦੇ। ਇਹੋ ਜਿਹੇ ਕਿਸੇ ਧਰਮੀ ਆਦਮੀ ਨੇ ਆਪਣੇ ਕੋਲੋਂ ਨਸੀਹਤਨਾਮਾ ਲਿਖ ਕੇ ਉਤੇ ਗੁਰੂ ਨਾਨਕ ਦਾ ਨਾਂ ਲਿਖ ਦਿੱਤਾ। ਹੁਣ ਇਹ ਇਤਨਾ ਮਕਬੂਲ ਹੋ ਗਿਆ ਹੈ ਕਿ ਮਹਾਤਮਾ ਵਾਸਵਾਨੀ ਜਿਹੇ ਲਾਇਕ ਆਦਮੀ ਭੀ ਇਸ ਵਿਚੋਂ ਉਦਾਹਰਣਾਂ ਲੈ ਕੇ ਵਰਤ ਰਹੇ ਹਨ। ਕਈ ਸੱਜਣ ਰਹਿਨਾਮਿਆਂ ਅਤੇ ਹੋਰ ਪਰਮਾਣੀਕ ਪੁਸਤਕਾਂ ਵਿਚ ਜਾਣ ਬੁੱਝ ਕੇ ਅਦਲਾ ਬਦਲੀ ਕਰ ਰਹੇ ਹਨ।

(ਪੁਸਤਕ 'ਬਹੁਮੁੱਲੇ ਇਤਿਹਾਸਿਕ ਲੇਖ' ਵਿਚੋਂ)

ਲਾਲਾ ਰਾਮ ਚੰਦ ਜੀ ਮਨਚੰਦਾ ਐਡਵੋਕੇਟ (ਲਾਹੌਰ)

ਗਿਆਰਵੀਂ ਸਦੀ ਦੇ ਸ਼ੁਰੂ ਵਿੱਚ ਤੁਰਕ ਮੁਸਲਮਾਨਾਂ ਨੇ ਅਫਗਾਨਿਸਤਾਨ ਵਿਚੋਂ ਬ੍ਰਾਹਮਣਾਂ ਖੱਤਰੀਆਂ ਨੂੰ ਕੱਢ ਕੇ ਪੰਜਾਬ ਭੀ ਫਤਹਿ ਕਰ ਲੀਤਾ ਤੇ ਸਤਲੁਜ ਤਕ ਗਜਨੀ ਨਾਲ ਸਾਰਾ ਪੰਜਾਬ ਸ਼ਾਮਲ ਕਰ ਲੀਤਾ। ਜਦ ਤੁਰਕੀ ਰਾਜ ਨੂੰ ਇਸ ਦੇਸ਼ ਵਿੱਚ 466 ਵਰ੍ਹੇ ਬਤੀਤ ਹੋ ਗਏ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਲਾਹੌਰ ਦੇ ਪਰਗਣੇ (ਰਾਇ ਬੁਲਾਰ ਦੀ ਤਲਵੰਡੀ) ਵਿੱਚ ਜਨਮ ਹੋਇਆ। ਉਸ ਵੇਲੇ ਲੋਧੀ ਤੁਰਕਾਂ ਦਾ ਰਾਜ ਸੀ। ਜਦ ਤੋਂ ਇਥੇ ਤੁਰਕਾਂ ਦਾ ਰਾਜ ਹੋਇਆ, ਹਿੰਦੂਆਂ ਦਾ ਧਰਮ ਕਰਮ ਬੰਦ ਹੋ ਗਿਆ, ਮੰਦਰ ਗਿਰਾ ਦਿੱਤੇ ਗਏ ਤੇ ਮੂਰਤੀਆਂ ਤੋੜ ਦਿੱਤੀਆਂ ਗਈਆਂ ਸਨ, ਸ਼ਾਸ਼ਤਰਾਂ ਦੀ ਕਥਾ ਬੰਦ ਕਰ ਦਿੱਤੀ ਗਈ, ਅਫਗਾਨੀ ਹਿੰਦੂ ਸਭ ਮੁਸਲਮਾਨ ਬਣ ਗਏ ਤੇ ਪੰਜਾਬ ਦੇ ਹਿੰਦੂ ਵੀ ਬਹੁਤ ਸਾਰੇ ਮੁਸਲਮਾਨ ਹੋ ਗਏ ਤੇ ਰਹਿੰਦੇ ਖੂੰਹਦੇ ਧਰਮ ਤੋਂ ਬੇਮੁੱਖ ਤੇ ਕਰਮ ਤੋਂ ਹੀਣੇ ਹੋ ਗਏ। "ਕਲਿ ਕਾਤੀ ਰਾਜੇ ਕਸਾਈ" ਬਣ ਗਏ, ਅਤਿਆਚਾਰ ਦੀ ਕੋਈ ਹੱਦ ਨਾ ਰਹੀ ਤੇ

ਪਾਪ ਅਮਾਵਸ ਦੀ ਨਿਆਈ ਛਾ ਗਿਆ। ਇਨ੍ਹਾਂ ਹਾਲਾਤਾਂ ਵਿੱਚ ਗੁਰੂ ਸਾਹਿਬਾਨ ਦੇ ਪਰਉਪਕਾਰ ਬੇਅੰਤ ਹਨ ਅਤੇ ਕਹਿਣ ਸੁਣਨ ਤੋਂ ਬਾਹਰ ਹਨ। ਇਸ ਵਾਸਤੇ ਜੇਸਾ ਗੁਰੂ ਅਮਰਦਾਸ ਜੀ ਨੇ ਪੰਡਤ ਨੂੰ ਸਮਝਾਇਆ ਕਿ ਦੇਵਬਾਣੀ ਸੰਸਕ੍ਰਿਤ ਨੂੰ ਛੱਡ ਕੇ ਪੰਜਾਬੀ ਵਿੱਚ ਨਾਮ ਬਰਖਾ ਕਰਨ ਦੀ ਵੱਡੀ ਲੋੜ ਸੀ। ਕਿਥੋਂ ਤੱਕ ਇਸ ਵਿੱਚ ਸਚਾਈ ਸੀ, ਇਹ ਗੱਲ ਕਿਸੇ ਬਹਿਸ ਦੀ ਮੁਹਤਾਜ ਨਹੀਂ, ਦਰਖਤ ਆਪਣੇ ਫਲ ਤੋਂ ਆਪ ਪਰਖਿਆ ਜਾਂਦਾ ਹੈ:

(ਪੁਸਤਕ 'ਬਹੁਮੁੱਲੇ ਇਤਿਹਾਸਕਿ ਲੇਖ' ਵਿਚੋਂ)

ਉਪਰੋਕਤ ਸਾਰੇ ਇਤਿਹਾਸਿਕ ਹਵਾਲੇ ਆਪ ਸਭ ਨਾਲ ਸਾਂਝੇ ਕਰਨ ਦਾ ਇਕੋ ਹੀ ਮਨੋਰਥ ਹੈ ਕਿ ਅਸੀਂ ਆਪਣੇ ਇਤਿਹਾਸ ਪ੍ਰਤੀ ਜਾਗਰਿਤ ਹੋਈਏ ਅਤੇ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਆਪਣੇ ਗੌਰਵਮਈ ਵਿਰਸੇ ਨੂੰ ਪੜ੍ਹ ਕੇ ਮਾਣ ਮਹਿਸੂਸ ਕਰੀਏ। ਪੰਚਮ ਪਾਤਿਸ਼ਾਹ ਦਾ ਫੁਰਮਾਨ ਹੈ:

"ਪੀਊ ਦਾਦੇ ਦਾ ਖੋਲ ਡਿਠਾ ਖਜਾਨਾ॥
ਤਾਂ ਮੇਰੈ ਮਨਿ ਭਇਆ ਨਿਧਾਨਾ॥"

ਜਿਵੇਂ: ਅਨਮਤੀਆਂ, ਮਨਮਤੀਆਂ ਅਤੇ ਸਾਡੇ ਅਖੌਤੀ ਮਹਾਨ ਇਤਿਹਾਸਕਾਰਾਂ ਵਲੋਂ ਸਿੱਖ ਤਵਾਰੀਖ ਨੂੰ ਵਿਗਾੜਿਆ ਜਾ ਰਿਹਾ ਹੈ, ਸਾਡੀ ਚੇਤੰਨਤਾ ਅਤੇ ਜਾਗਰਿਕਤਾ ਹੀ ਸਾਡੇ ਗੌਰਵਸ਼ਾਲੀ ਵਿਰਸੇ ਨੂੰ ਬਚਾਅ ਸਕਦੀ ਹੈ।

"ਇਤਿਹਾਸ ਇਕ ਸ਼ਸ਼ਤਰ ਹੈ"

ਅੱਜ ਕੱਲ੍ਹ ਦੇ ਰਾਜਸੀ ਮੁਖੀਏ ਇਤਿਹਾਸ ਨੂੰ ਇਕ ਘਾਤਕ ਸ਼ਸ਼ਤਰ ਵਾਂਗ ਹੀ ਵਰਤਦੇ ਨੇ। ਪਰਤਾਵੇ ਨਾਲ ਪਤਾ ਲੱਗਦਾ ਏ ਕਿ ਸੱਚ-ਮੁੱਚ ਇਹ ਸ਼ਸ਼ਤਰ ਵਧੇਰਾ ਅਸਰ ਕਰਨ ਵਾਲਾ ਹੁੰਦਾ ਹੈ। ਤਲਵਾਰ ਦੀ ਧਾਰ ਤੋਂ ਮਨੁੱਖ ਬਚ ਜਾਵੇ, ਮੋਈਆਂ ਹੋਈਆਂ ਕੌਮਾਂ ਫਿਰ ਜੀਊਂਦੀਆਂ ਹੋ ਜਾਣ, ਪਰ ਇਤਿਹਾਸ ਦੀ ਮਾਰ ਫੇਰ ਉਠਣ ਜੋਗਾ ਨਹੀਂ ਛਡਦੀ। ਗਲ ਕੀ, ਇਤਿਹਾਸ ਦੀ ਮਾਰ, ਤੋਪਾਂ ਬੰਦੂਕਾਂ ਦੀ ਮਾਰ, ਗੈਸ ਦੀ ਮਾਰ ਤੇ ਹਵਾਈ ਜਹਾਜ਼ਾਂ ਦੀਆਂ ਬੰਬਾਂ ਦੀ ਮਾਰ ਤੋਂ ਵੀ ਵਧੇਰੀ ਘਾਤਕ ਸਾਬਤ ਹੋਈ ਹੈ। ਰਾਜਸੀ ਸੂਰਬੀਰ ਜੋ ਕਿਸੇ ਜਾਤੀ ਜਾਂ ਕੌਮ ਨੂੰ ਅਧੀਨ ਕਰਨਾ ਚਾਹੁਣ ਤੇ ਸਮਝਣ ਕਿ ਤਲਵਾਰ ਦੀ ਲੜਾਈ ਨਾਲ ਇਸਦੇ ਵਾਰੇ ਨਹੀਂ ਆ ਸਕਦੇ, ਤਾਂ ਉਹ ਜਾਤੀਆਂ ਕੌਮ ਲਈ ਇਤਿਹਾਸ ਦਾ ਸ਼ਸ਼ਤਰ ਵਰਤਦੇ ਹਨ। ਇਸ ਵਿੱਚ ਉਨ੍ਹਾਂ ਦੀ ਜਾਨ ਦਾ ਜੋਖਮ ਵੀ ਨਹੀਂ ਹੁੰਦਾ ਤੇ ਕੌਮ ਵੀ ਸਹਿਜੇ ਹੀ ਸੌਰ ਜਾਂਦਾ ਹੈ। ਜਿਸ ਕੌਮ ਨੂੰ ਦਬਾਣਾ ਹੋਵੇ ਉਨ੍ਹਾਂ ਦੇ ਦਿਲਾਂ ਤੇ ਪਹਿਲੇ ਮੋਮੇ-ਠੱਗਣੇ ਬਣਕੇ ਅਪਣੀ ਜਾਨ ਤੇ ਪ੍ਰਤਿਸ਼ਠਾ ਜਮਾਣੀ ਪੈਂਦੀ ਹੈ। ਫਿਰ ਉਨ੍ਹਾਂ ਦੇ ਇਤਿਹਾਸ ਨੂੰ ਵੇਖਣਾ ਪੈਂਦਾ ਹੈ। ਉਸ ਇਤਿਹਾਸ ਨੂੰ ਬੜੇ ਲਛੇਦਾਰ ਸ਼ਬਦਾਂ ਵਿੱਚ ਏਕਣ ਲਿਖੀਦਾ ਏ ਉਨ੍ਹਾਂ ਦੇ ਵੱਡਿਆਂ-ਵਡੇਰਿਆਂ ਦਿਆਂ ਗੁਣਾਂ ਨੂੰ ਲੋਪ ਕਰਕੇ ਔਗੁਣਾਂ ਨੂੰ ਐਡਾ ਵਡਾ ਬਣਾਕੇ ਦਸਿਆ ਜਾਏ ਕਿ ਉਹ ਬਿਲਕੁਲ ਨਕਾਰੇ ਤੇ ਗਿਰੇ ਹੋਏ ਜਾਪਣ ਲੱਗ ਪੈਣ।

ਸਾਰੇ ਭੈੜ ਤਾਂ ਸ਼ੀਸ਼ੇ ਵਾਂਗਰ ਦਿਸਣ ਲਗ ਪੈਣ, ਪਰ ਵਡਿਆਈ ਦੀਆਂ ਗੱਲਾਂ ਨਜ਼ਰ ਹੀ ਨਾ ਆਉਣ (ਬਹੁ-ਮੁੱਲੇ ਇਤਿਹਾਸਕ ਲੇਖ, ਸੰਪਾਦਕ ਕਰਮ ਸਿੰਘ ਹਿਸਟੋਰੀਅਨ) ਪੰਨਾ 48-49

ਸਿੱਖ ਇਤਿਹਾਸ- ਭਾਰਤ ਦੇ ਇਤਿਹਾਸ ਵਿੱਚ ਸਿੱਖ ਇਤਿਹਾਸ ਇਕ ਚਮਕਦਾ ਹੀਰਾ ਏ। ਸੱਚ ਪੁੱਛੋ ਤੇ ਸਿੱਖੀ ਰਾਜ ਸਿੱਖ ਇਤਿਹਾਸ ਦੇ ਕਾਰਨ ਹੀ ਕਾਇਮ ਹੋਇਆ। ਗੁਰੂ ਕਾਲ ਦਾ ਗੁਰ ਇਤਿਹਾਸ ਗੁਰੂ ਸਹਿਬਾਨ ਦੇ ਪਵਿੱਤਰ ਜੀਵਨ ਸਿੱਖ ਇਤਿਹਾਸ ਦੀ ਨੀਂਹ ਹਨ। ਸਿੱਖ ਵਿਰੋਧੀ ਸ਼ਕਤੀਆਂ ਨੇ ਸਿੱਖ ਇਤਿਹਾਸ ਦੇ ਤੱਥਾ ਨੂੰ ਤਰੋੜ ਮਰੋੜ ਕੇ ਸਿੱਖੀ ਸਿਧਾਂਤ ਅਤੇ ਗੁਰੂ ਸਹਿਬਾਨ ਦੀ ਸ਼ਾਨ ਦੇ ਖਿਲਾਫ ਮਨ-ਮਰਜ਼ੀ ਨਾਲ ਗੁੰਮਰਾਹ ਕੁੰਨ ਤੱਥ ਲਿਖ ਕੇ ਪਾਠ ਪੁਸਤਕਾਂ ਛਪਵਾ ਦਿੱਤੀਆਂ ਹਨ ਅਤੇ ਕਈ ਸਿੱਖ ਵਿਰੋਧੀ ਸੰਸਥਾਵਾਂ ਸਿੱਖੀ ਦਾ ਮਜ਼ਾਕ ਉਡਾਉਣ ਵਾਲਾ ਅਤੇ ਸਿੱਖਾਂ ਨੂੰ ਹਿੰਦੂ ਸਾਬਤ ਕਰਨ ਵਾਲਾ ਲਿਟਰੇਚਰ ਧੜਾ ਧੜ ਛਪਵਾਕੇ ਵੰਡ ਰਹੀਆਂ ਹਨ। ਜਿਸ ਤਰੀਕੇ ਨਾਲ ਸਿੱਖ ਧਰਮ ਦਾ ਇਤਿਹਾਸ ਲਿਖਵਾਇਆ ਤੇ ਟੀ.ਵੀ. ਚੈਨਲਾਂ ਤੇ ਫਿਲਮਾਂ ਰਾਹੀਂ ਵਿਖਾਇਆ ਜਾ ਰਿਹਾ ਹੈ। ਸ਼ਾਇਦ ਸਿੱਖਾਂ ਨੂੰ ਵੀ ਸਿੱਖੀ ਤੋਂ ਨਫ਼ਰਤ ਹੋ ਜਾਵੇ। ਪੰਥ ਦਰਦੀਆਂ ਨੂੰ ਇਸ ਬਾਰੇ ਗੰਭੀਰ ਚਿੰਤਨ ਦੀ ਲੋੜ ਹੈ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਭਾਈ ਦਿੱਤ ਸਿੰਘ ਦੀਆਂ ਸਾਰੀਆਂ ਲਿਖਤਾਂ ਨੂੰ ਦੁਬਾਰਾ ਛਪਵਾਉਣ ਤਾਂ ਕਿ ਸਿੱਖ ਪੰਥ ਵਿੱਚ ਆਪਣੇ ਇਤਿਹਾਸ ਤੇ ਸਿੱਖ ਸਿਧਾਂਤਾਂ ਬਾਰੇ ਜਾਣਕਾਰੀ ਮਿਲ ਸਕੇ।

07989927477

****



ਗੁਰੂ ਨਾਨਕ ਸਾਹਿਬ ਦਾ ਅਰਬ ਦੇਸ਼ਾਂ ਦਾ ਸਫ਼ਰਨਾਮਾ

-ਜਸਬੀਰ ਸਿੰਘ ਸਰਨਾ

[illegible]

ਦੀਦਾਰੀ ਹਰਫ਼

ਅਕਾਲ ਪੁਰਖ ਦੀ ਕ੍ਰਿਪਾ ਦੁਆਰਾ ਨਵੰਬਰ 2018 ਵਿੱਚ ਪਾਕਿਸਤਾਨ ਦੇ ਪਵਿੱਤਰ ਗੁਰੂ ਅਸਥਾਨਾਂ ਦੀ ਚਰਨਧੂੜ ਤੇ ਦਰਸ਼ਨ-ਦੀਦਾਰ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਜਦੋਂ ਦਾਸ 'ਨਨਕਾਣਾ ਸਾਹਿਬ' ਦੇ ਪ੍ਰਕਾਸ਼ ਅਸਥਾਨ ਤੇ ਨਤਮਸੱਤਕ ਹੋਇਆ ਤਾਂ ਉਥੋਂ ਕੁੱਝ ਹੱਥ-ਲਿੱਖਤ ਉਰਦੂ-ਅਰਬੀ ਦੇ ਵਰਕੇ ਹੱਥ ਲੱਗੇ ਜਿਨ੍ਹਾਂ ਤੇ ਸ਼ਹੀਦ ਪ੍ਰਿਥੀਪਾਲ ਸਿੰਘ ਦੇ ਅਰਬ ਦੇਸ਼ਾਂ ਦੇ ਸਫ਼ਰ ਬਾਰੇ ਲਿਖਿਆ ਸੀ। ਇਹ ਹੱਥ-ਲਿਖਤ ਸਈਦ ਪ੍ਰਿਥੀਪਾਲ ਸਿੰਘ ਦੇ ਗੁਰਦੁਆਰਿਆਂ ਵਿੱਚ ਦਿੱਤੇ ਭਾਸ਼ਣਾਂ ਦੇ ਅਧਾਰਿਤ ਸੀ। ਇਨ੍ਹਾਂ ਲਿੱਖਤਾਂ ਨੂੰ ਕਿਸੇ ਸ੍ਰ. ਹਰਮਹਿੰਦਰ ਸਿੰਘ (ਕਾਨਪੁਰਵਾਸੀ) ਨੇ ਕਲਮਬੰਦ ਕੀਤਾ ਸੀ। ਇਹ ਸਫ਼ਰਨਾਮਾ ਅਸਲੋਂ ਅਰਬੀ ਹੱਥ-ਲਿਖਤਾਂ 'ਸਿਹਾਯਤੋ ਬਾਬਾ ਨਾਨਕ ਫ਼ਕੀਰ' ਅਤੇ 'ਤਵਾਰੀਖ-ਏ-ਅਰਬ' ਦੇ ਅਧਾਰਿਤ ਸਨ ਜੋ ਮੱਕਾ ਸਟੇਟ ਲਾਇਬਰੇਰੀ ਵਿੱਚ ਅੱਜ ਵੀ ਮੌਜੂਦ ਹਨ। ਇਨ੍ਹਾਂ ਲਿੱਖਤਾਂ ਨੂੰ ਮੁਸ਼ਤਾਕ ਹੁਸੈਨ ਸ਼ਾਹ (ਪ੍ਰਿਥੀਪਾਲ ਸਿੰਘ) ਉਤਾਰਾ ਕਰ ਕੇ ਆਪਣੇ ਨਾਲ ਕਸ਼ਮੀਰ (ਮੀਰਪੁਰ) ਲੈ ਆਇਆ ਸੀ।

ਸਈਦ ਪ੍ਰਿਥੀਪਾਲ ਸਿੰਘ ਦਾ ਪਹਿਲਾਂ ਨਾਂ ਸਈਦ ਮੁਸ਼ਤਾਕ ਹੁਸੈਨ ਸ਼ਾਹ ਸੀ ਕੋ 1902 ਈ. ਵਿੱਚ ਸਈਦ ਦਾ ਗੜ੍ਹਾ (ਮੀਰਪੁਰ, ਕਸ਼ਮੀਰ) ਵਿੱਚ ਪੈਦਾ ਹੋਏ। ਇਨ੍ਹਾਂ ਦੇ ਪਿਤਾ ਮੁਜ਼ਫ਼ਰ ਹੁਸੈਨ ਸ਼ਾਹ ਅਤੇ ਦਾਦਾ ਪੀਰ ਬਾਕਰ ਅਲੀ ਸ਼ਾਹ ਸੀ ਜੋ ਡੋਗਰਾ ਰਾਜ ਸਮੇਂ ਉੱਚੀ ਪਦਵੀਂ ਤੇ ਸੁਸ਼ੋਭਿਤ ਸਨ। ਮੁਸ਼ਤਾਕ ਹੁਸੈਨ ਆਪਣੇ ਪਿਤਾ ਨਾਲ ਮਕਾ-ਮਦੀਨੇ ਦੀ ਯੂਨੀਵਰਸਿਟੀ ਵਿੱਚ ਉੱਚ-ਵਿਦਿਆ ਪ੍ਰਾਪਤ ਕਰਨ ਲਈ ਗਏ ਸਨ। ਕਸ਼ਮੀਰ ਵਾਪਸ ਆ ਕੇ ਉਨ੍ਹਾਂ ਪ੍ਰਵਾਰ ਸਮੇਤ 1933 ਈ. ਵਿੱਚ 'ਖੰਡੇ ਦੀ ਪਾਹੁਲ' ਲੈ ਕੇ ਸਿੰਘ ਸੱਜ ਗਏ ਸਨ। ਉਸ ਤੋਂ ਬਾਅਦ ਉਹ ਲਾਹੌਰ, ਅੰਮ੍ਰਿਤਸਰ, ਪਟਿਆਲਾ, ਲੰਡਨ, ਕਾਨਪੁਰ ਆਦਿ ਥਾਵਾਂ ਤੇ ਰਹਿ ਕੇ ਬੜੀ ਸਰਗਰਮੀ ਨਾਲ ਸਿੱਖ ਧਰਮ ਦਾ ਪ੍ਰਚਾਰ ਕਰਦੇ-ਕਰਦੇ 12 ਨਵੰਬਰ 1969 ਨੂੰ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ। ਗੁਰੂ ਨਾਨਕ ਸਾਹਿਬ ਦੇ ਮੱਕਾ ਅਤੇ ਮਦੀਨੇ ਵਿੱਚ ਕੁੱਝ ਯਾਦਗਾਰੀ ਅਸਥਾਨ ਮੌਜੂਦ ਸਨ ਪਰ ਬਾਅਦ ਵਿੱਚ ਵਾਪਬੀਆਂ ਨੇ ਉਹ ਸਾਰੇ ਧਾਰਮਿਕ ਅਤੇ ਤਵਾਰੀਖੀ ਅਸਥਾਨ ਨਸ਼ਟ ਕਰ ਦਿੱਤੇ, ਜੋ ਇਸਲਾਮ ਦੇ ਘੇਰੇ ਵਿੱਚ ਨਹੀਂ ਸਨ ਆਉਂਦੇ। ਗੁਰੂ ਸਾਹਿਬ ਨਾਲ ਸੰਬੰਧਿਤ ਅਸਥਾਨ ਅੱਜ ਸੁਰਖਿੱਅਤ ਹਨ ਜਾਂ ਨਹੀਂ, ਵਿਸ਼ਵਾਸ ਨਾਲ ਕੁੱਝ ਵੀ ਨਹੀਂ ਆਖਿਆ ਜਾ ਸਕਦਾ। ਇਹ ਸਾਰਾ ਸਫ਼ਰਨਾਮਾ ਰੋਜ਼ਾਨਾ 'ਪੰਜਾਬੀ ਜਾਗਰਣ' ਵਿੱਚ ਸੱਤ ਕਿਸ਼ਤਾਂ ਵਿੱਚ ਛੱਪ ਚੁੱਕਾ ਹੈ। ਅੰਤ ਵਿੱਚ ਮੈਂ ਸਾਰੇ ਪਾਠਕਾਂ, ਦੋਸਤਾਂ, ਸ਼ੁੱਭਚਿੰਤਕਾ ਦਾ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ। ਜਿਨ੍ਹਾਂ ਨੇ ਸਮੇਂ ਸਿਰ ਸਹਿਯੋਗ ਦਿੱਤਾ।

ਅਕਾਲ ਸਹਾਇ।

ਜਸਬੀਰ ਸਿੰਘ ਸਰਨਾ

ਗੁਰੂ ਨਾਨਕ ਸਾਹਿਬ ਦਾ ਅਰਬ ਦੇਸ਼ਾਂ ਦਾ ਸਫ਼ਰਨਾਮਾ

ਮੇਰੇ ਮਾਤਾ ਪਿਤਾ 1947 ਵਿਚ ਪਾਕਿਸਤਾਨ

ਬਣਨ ਤੋਂ ਬਾਅਦ ਪਾਕਿਸਤਾਨ ਤੋਂ ਆ ਕੇ ਕਾਨਪੁਰ, ਯੂਪੀ ਵਿਖੇ ਵੱਸ ਗਏ। ਮੈਂ (ਹਰਮਹਿੰਦਰ ਸਿੰਘ) ਉਸ ਸਮੇਂ ਸੱਤਵੀਂ ਜਮਾਤ ਵਿਚ ਪੜਦਾ ਸਾਂ। 1950 ਵਿਚ ਮੈਂ ਜਦੋਂ ਦਸਵੀਂ ਜਮਾਤ ਵਿਚ ਸਾਂ ਤੇ ਸਈਦ ਪ੍ਰਿਥੀਪਾਲ ਸਿੰਘ ਨੇ ਕਾਨਪੁਰ ਦੇ ਗੁਰਦੁਆਰਿਆਂ ਵਿਚ ਆਪਣੇ ਭਾਸ਼ਣ ਦੇਣੇ ਸ਼ੁਰੂ ਕੀਤੇ। ਮੈਂ 1959 ਵਿਚ ਨੌਕਰੀ ਦੇ ਸਿਲਸਿਲੇ 'ਚ ਬਾਹਰ ਜਾਣ ਤਕ ਉਨਾਂ ਦੇ ਭਾਸ਼ਣ ਸੁਣਦਾ ਰਿਹਾ। ਉਨਾਂ ਨੂੰ ਬੜੀ ਗੁਰਬਾਣੀ ਯਾਦ ਸੀ ਅਤੇ ਸਾਰਾ ਕੁਰਾਨ ਸ਼ਰੀਫ਼ ਵੀ ਯਾਤ ਕੀਤਾ ਹੋਇਆ ਸੀ। ਉਸ ਸਮੇਂ ਉਨਾਂ ਤੋਂ ਇਲਾਵਾ ਸੰਤ ਮਸਕੀਨ ਜੀ, ਪ੍ਰਿੰਸੀਪਲ ਸਤਿਬੀਰ ਸਿੰਘ, ਸੰਤ ਨਿਹਚਲ ਸਿੰਘ ਅਤੇ ਸੰਤ ਗ਼ਰੀਬ ਸਿੰਘ ਜੀ ਵੀ ਆਪਣੇ ਭਾਸ਼ਣ ਦਿਆ ਕਰਦੇ ਸਨ ਪਰ ਸੰਗਤਾਂ ਵਿਚ ਸਈਦ ਪ੍ਰਿਥੀਪਾਲ ਸਿੰਘ ਦਾ ਅਸਰ ਬਹੁਤ ਜ਼ਿਆਦਾ ਸੀ। ਜਿਸ ਦਿਨ ਉਨਾਂ ਆਪਣਾ ਭਾਸ਼ਣ ਦੇਣਾ ਹੁੰਦਾ, ਉਸ ਦਿਨ ਉਨਾਂ ਆਉਣ ਤੋਂ ਪਹਿਲਾਂ ਹੀ ਗੁਰਦੁਆਰਾ ਸਾਹਿਬ ਦਾ ਪੂਰਾ ਹਾਲ, ਗੈਲਰੀਆਂ ਅਤੇ ਸਾਰੀ ਖੁੱਲੀਂ ਥਾਂ ਭਰ ਜਾਂਦੀ ਸੀ। ਮੈਂ ਵੀ ਗੈਲਰੀ ਵਿਚ ਬੈਠ ਕੇ ਉਨਾਂ ਦਾ ਭਾਸ਼ਣ ਉਰਦੂ ਵਿਚ ਲਿਖ ਲੈਂਦਾ ਸਾਂ।

ਸੰਗਤਾਂ ਵਿਚ ਉਨਾਂ ਦੇ ਭਾਸ਼ਣਾਂ ਦਾ ਅਸਰ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਨਾਂ ਨੇ ਕਾਨਪੁਰ ਦੇ ਸਭ ਤੋਂ ਵੱਡੇ ਗੁਰਦੁਆਰਾ ਬਾਬਾ ਮੋਹਨ ਜੀ ਵਿਚ ਇਹ ਅਪੀਲ ਕੀਤੀ ਕਿ ਉਹ ਆਪਣੇ ਲੜਕੇ ਨੂੰ ਇੰਜੀਨੀਅਰਿੰਗ ਵਿਚ ਦਾਖ਼ਲਾ ਦਿਵਾਉਣਾ ਚਾਹੁੰਦੇ ਹਨ ਪਰ ਦਾਖ਼ਲਾ ਫੀਸ ਆਦਿ ਖ਼ਰਚ ਕਰਨ ਦੀ ਉਨਾਂ ਦੀ ਹਿੰਮਤ ਨਹੀਂ। ਮੈਨੂੰ ਤਾਂ ਸੰਗਤ ਦਾ ਹੀ ਆਸਰਾ ਹੈ। ਬਸ, ਉਨਾਂ ਦਾ ਇਹ ਕਹਿਣਾ ਹੀ ਸੀ ਕਿ ਮਾਇਆ ਦੀ ਬਾਰਿਸ਼ ਹੋਣ ਲੱਗੀ ਅਤੇ ਕਈ ਬੀਬੀਆਂ ਨੇ ਆਪਣੇ ਸੋਨੇ ਦੇ ਗਹਿਣੇ ਵੀ ਉਤਾਰ ਕੇ ਦੇ ਦਿੱਤੇ। ਮੇਰੇ ਕੋਲ ਵੀ ਜੋ ਕੁਝ ਸੀ, ਦੇ ਦਿੱਤਾ।

ਉਨਾਂ ਦੱਸਿਆ ਕਿ ਕਿਵੇਂ ਉਹ ਇਕ ਵੱਡੇ ਘਰਾਣੇ ਦੇ ਮੁਸਲਮਾਨ ਹੁੰਦੇ ਹੋਏ ਗੁਰਸਿੱਖ ਬਣੇ। ਉਨਾਂ ਦਾ ਪਹਿਲਾ ਨਾਂ ਮੁਸ਼ਤਾਕ ਹੁਸੈਨ ਸੀ। ਉਨਾਂ ਆਖਿਆ ਕਿ ਉਹ ਕਸ਼ਮੀਰ ਦੇ ਮੀਰਪੁਰ ਸ਼ਹਿਰ ਵਿਖੇ ਰਹਿੰਦੇ ਸਨ। ਉਨਾਂ ਦੇ ਪਿਤਾ ਦਾ ਨਾਂ ਮੁਜ਼ੱਫਰ ਹੁਸੈਨ ਸ਼ਾਹ ਸੀ ਅਤੇ ਦਾਦੇ ਦਾ ਨਾਂ ਪੀਰ ਬਾਕਰ ਸ਼ਾਹ ਸੀ। ਉਹ ਆਪਣੇ ਪਿਤਾ ਦੇ ਇਕਲੌਤੇ ਪੁੱਤਰ ਸਨ। ਆਪ ਦੇ ਦਾਦਾ ਪ੍ਰਤਾਪ ਸਿੰਘ ਡੋਗਰੇ ਦੀ ਸਰਕਾਰ ਵਿਚ ਮੰਤਰੀ ਸਨ। ਲਾਹੌਰ ਵਿਚ ਉਨਾਂ ਅਰਬੀ ਜ਼ੁਬਾਨ ਵਿਚ ਡਿਗਰੀ ਹਾਸਲ ਕੀਤੀ ਅਤੇ ਕੁਰਾਨ ਸ਼ਰੀਫ਼ ਦਾ ਗਹਿਰਾ ਅਧਿਐਨ ਕੀਤਾ ਸੀ।

1927 ਈਸਵੀ ਵਿਚ ਉਨਾਂ ਦੇ ਪਿਤਾ ਨੇ ਮੱਕੇ ਦੇ ਹੱਜ ਲਈ ਇਕ ਕਾਫ਼ਲਾ ਤਿਆਰ ਕੀਤਾ। ਮੈਨੂੰ ਵੀ ਨਾਲ ਜਾਣ ਲਈ ਕਿਹਾ ਗਿਆ। ਮੈਂ ਆਪਣੀ ਮਾਂ ਕੋਲੋਂ ਇਜਾਜ਼ਤ ਲੈ ਕੇ ਤਿਆਰ ਹੋ ਗਿਆ। ਮੱਕਾ ਪਹੁੰਚ ਕੇ ਮੇਰੇ ਪਿਤਾ ਨੇ ਮੈਨੂੰ 'ਮੌਲਵੀ ਫ਼ਾਜ਼ਲ' ਦੀ ਡਿਗਰੀ ਲੈਣ ਲਈ ਮਦੀਨੇ ਦੀ ਮਿੰਨਾਂ ਯੂਨੀਵਰਸਿਟੀ ਵਿਚ ਦਾਖ਼ਲ ਕਰਵਾ ਦਿੱਤਾ। ਮੈਂ ਆਪਣੀ ਕਾਬਲੀਅਤ ਨੂੰ ਵਧਾਉਣ ਲਈ ਮਦੀਨੇ ਦੀ ਸਭ ਤੋਂ ਵੱਡੀ ਲਾਇਬ੍ਰੇਰੀ ਵਿਚ ਕਿਤਾਬਾਂ ਪੜਨ ਲੱਗਾ। ਕੁਝ ਦਿਨਾਂ ਬਾਅਦ ਮੇਰੇ ਹੱਥ ਇਕ ਹੱਥ-ਲਿਖਤ ਕਿਤਾਬ ਲੱਗੀ, ਜਿਸ ਦਾ ਨਾਂ ਸੀ – 'ਸਿਯਾਹਤੋ ਬਾਬਾ ਨਾਨਕ ਫ਼ਕੀਰ' (ਸਫ਼ਰਨਾਮਾ ਬਾਬਾ ਨਾਨਕ ਫ਼ਕੀਰ) ਅਤੇ ਇਕ ਹੋਰ ਕਿਤਾਬ 'ਤਵਾਰੀਖ਼ ਅਰਬ।'

ਪਹਿਲੀ ਹੱਥ-ਲਿਖਤ ਤਾਜੋਦੀਨ ਦੀ ਲਿਖੀ ਹੋਈ ਸੀ ਅਤੇ ਦੂਸਰੀ ਖਵਾਜ਼ਾ ਜੈਨਲਉਬਦੀਨ ਦੀ। ਪਹਿਲੀ ਕਿਤਾਬ ਪੜ ਕੇ ਉਹ ਹੈਰਾਨ ਰਹਿ ਗਏ ਕਿ ਸਾਰੇ ਅਰਬ ਵਿਚ ਬਾਬਾ ਨਾਨਕ ਜੀ ਕਈ ਵੱਡੇ-ਵੱਡੇ ਸ਼ਹਿਰਾਂ ਵਿਚ ਗਏ ਅਤੇ ਉੱਥੋਂ ਦੇ ਸਾਰੇ ਵੱਡੇ ਪੀਰਾਂ ਨਾਲ ਮੁਲਾਕਾਤ ਕੀਤੀ ਅਤੇ ਪੀਰਾਂ ਨੇ ਬਾਬਾ ਜੀ ਨਾਲ ਧਾਰਮਿਕ ਅਤੇ ਕਈ ਤਰਾਂ ਦੇ ਅਣਗਿਣਤ ਸਵਾਲ ਕੀਤੇ, ਜਿਨਾਂ ਦੇ ਹੈਰਾਨਕੁੰਨ ਜਵਾਬ ਸੁਣ ਕੇ ਉਨਾਂ ਸਾਰਿਆਂ ਨੇ ਬਾਬਾ ਜੀ ਦੇ ਪੈਰ ਪਕੜੇ ਅਤੇ ਆਪਣੇ ਕਈ ਸਾਥੀਆਂ ਦੇ ਨਾਲ ਉਨਾਂ ਦੇ ਮੁਰੀਦ ਬਣ ਗਏ। ਇਹ ਕਿਤਾਬ ਉਨਾਂ ਨੇ ਕਈ ਵਾਰ ਪੜੀ ਅਤੇ ਉਨਾਂ ਦੇ ਦਿਲ 'ਤੇ ਉਸ ਕਿਤਾਬ ਦਾ ਬੜਾ ਗਹਿਰਾ ਅਸਰ ਹੋਇਆ। ਦੂਸਰੀ ਕਿਤਾਬ 'ਤਵਾਰੀਖ਼ ਅਰਬ' ਵਿਚ ਉਨਾਂ ਨੇ ਪੜਿਆ ਕਿ ਮੱਕਾ ਦੇ ਸਭ ਤੋਂ ਵੱਡੇ ਹਾਜੀ ਰੁਕਨਦੀਨ ਨੇ ਬਾਬਾ ਜੀ ਨਾਲ 360 ਸਵਾਲ ਕੀਤੇ, ਜਿਨਾਂ ਦੇ ਹੈਰਾਨਕੁੰਨ ਜਵਾਬ ਸੁਣ ਕੇ ਉਹ ਆਪਣੇ ਕਈ ਅਜ਼ੀਜ਼ਾਂ ਅਤੇ ਸਾਥੀਆਂ ਨਾਲ ਬਾਬਾ ਜੀ ਦੇ ਮੁਰੀਦ ਬਣੇ।

ਬਾਬਾ ਜੀ ਕਿਸ ਤਰਾਂ ਅਤੇ ਕਿਵੇਂ ਮੱਕਾ ਗਏ? ਇਤਿਹਾਸਕਾਰਾਂ ਅਨੁਸਾਰ ਬਾਬਾ ਜੀ ਡੇਰਾ ਇਸਮਾਇਲ ਖ਼ਾਨ ਅਤੇ ਪਠਾਨਵਲੀ ਇਲਾਕੇ ਤੋਂ ਹੁੰਦੇ ਹੋਏ ਮਠਨਕੋਟ ਪੁੱਜੇ। ਇਹ ਥਾਂ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਆਖ਼ਰੀ ਹੱਦ ਸੀ। ਇਥੇ ਬਾਬਾ ਜੀ ਨੇ ਇਕ ਜ਼ਾਲਮ ਬ੍ਰਾਹਮਣ ਦੀ ਜ਼ਿੰਦਗੀ ਨੂੰ ਸਫਲ ਕੀਤਾ। ਇਥੇ ਬਾਬਾ ਜੀ ਦਾ ਇਕ ਵੱਡਾ ਗੁਰਦੁਆਰਾ ਹੈ, ਜੋ ਬਹੁਤ ਪ੍ਰਸਿੱਧ ਹੈ। ਇਥੋਂ ਚੱਲ ਕੇ ਬਾਬਾ ਜੀ ਸਖੋਰ ਸ਼ਹਿਰ ਦੇ ਕੋਲ ਸਾਧੂ ਬੇਲਾ ਦਾ ਡੇਰਾ ਕੀਤਾ। ਇਸ ਥਾਂ ਦੀ ਖੋਜ ਬਾਬਾ ਨੌਕੰਠੀ ਦਾਸ ਨੇ ਕੀਤੀ ਸੀ ਅਤੇ ਉਹ ਉਦਾਸੀਆਂ ਦੇ

ਪ੍ਰਬੰਧ ਹੇਠ ਹੈ ਅਤੇ ਇਸ ਅਸਥਾਨ ਦੀ ਮਹਾਨਤਾ ਸਾਰੇ ਸਿੰਧ ਵਿਚ ਹੈ। ਇਥੋਂ ਚੱਲ ਕੇ ਬਾਬਾ ਜੀ ਕਰਾਚੀ ਬੰਦਰਗਾਹ ਲਾਗੇ ਜਾ ਠਹਿਰੇ। ਇਸ ਥਾਂ ਦਾ ਨਾਂ ਅਕਾਲ ਬੁੰਗਾ ਹੈ। ਇਸ ਥਾਂ ਨੂੰ ਆਜ਼ਾਦ ਕਰਵਾਉਣ ਵਾਸਤੇ 1938 ਵਿਚ ਸਿੱਖ ਪੰਥ ਨੇ ਭਾਰੀ ਮੋਰਚਾ ਲਾਇਆ ਸੀ। ਸਈਦ ਪ੍ਰਿਥੀਪਾਲ ਸਿੰਘ ਨੇ ਦੱਸਿਆ ਕਿ ਇਸ ਮੋਰਚੇ ਵਿਚ ਉਨਾਂ ਨੇ ਸਰਗਰਮ ਸੇਵਾਵਾਂ ਨਿਭਾਈਆਂ ਸਨ। ਇਥੋਂ ਚੱਲ ਕੇ ਗੁਰੂ ਜੀ ਸਮੁੰਦਰ ਪਾਰ ਅਦਨ ਦੇ ਕਿਬਲੇ ਹੇਠਾਂ ਬੈਠੇ। ਇਥੇ ਅੱਜ ਕੱਲ ਬਾਬਾ ਜੀ ਭਾਰੀ ਯਾਦਗਾਰੀ ਅਸਥਾਨ ਬਣਿਆ ਹੋਇਆ ਹੈ।

ਇਥੋਂ ਚੱਲ ਕੇ ਗੁਰੂ ਜੀ ਜੱਦਾ ਸ਼ਰੀਫ਼ ਬੀਬੀ ਹੱਵਾ ਦੀ ਕਬਰ ਕੋਲ ਡੇਰਾ ਕੀਤਾ। ਇਥੇ ਹੁਣ ਬਾਬਾ ਜੀ ਦਾ ਆਲੀਸ਼ਾਨ ਗੁਰਦੁਆਰਾ ਹੈ, ਜਿਸ ਦਾ ਨਾਂ 'ਨਾਨਕ ਸ਼ਾਹ ਕਲੰਦਰ' ਹੈ। ਇਥੋਂ ਜਦੋਂ ਬਾਬਾ ਜੀ 22 ਕੋਸ ਅੱਗੇ ਪਹੁੰਚੇ ਤਾਂ ਉਨਾਂ ਪਾਣੀਪਤ ਤੋਂ ਆ ਰਹੇ ਹਾਜੀਆਂ ਦਾ ਕਾਫ਼ਲਾ ਵੇਖਿਆ। ਉਸ ਕਾਫ਼ਲੇ ਦਾ ਸਰਦਾਰ ਸ਼ਰਫ਼ ਅੱਗੇ ਊਠ 'ਤੇ ਜਾ ਰਿਹਾ ਸੀ। ਬਾਬਾ ਜੀ ਨੇ ਜਲਦੀ-ਜਲਦੀ ਕਾਫ਼ਲੇ ਨੂੰ ਪਾਰ ਕਰ ਕੇ ਸ਼ਾਹ ਸ਼ਰਫ਼ ਦੇ ਅੱਗੇ ਚੱਲਣਾ ਸ਼ੁਰੂ ਕਰ ਦਿੱਤਾ। ਸ਼ਾਹ ਸ਼ਰਫ਼ ਨੇ ਬਾਬਾ ਜੀ ਦਾ ਫ਼ਕੀਰੀ ਲਿਬਾਸ ਵੇਖ ਕੇ ਆਪਣੇ ਮੁਰੀਦ ਨੂੰ ਬਾਬਾ ਜੀ ਨੂੰ ਰੋਕਣ ਲਈ ਆਖਿਆ। ਉਸ ਦਾ ਖ਼ਿਆਲ ਸੀ ਕਿ ਬਹੁਤੇ ਲੋਕ ਜਨਤਾ ਨੂੰ ਠੱਗਣ ਲਈ ਫ਼ਕੀਰੀ ਬਾਣਾ ਪਹਿਨ ਲੈਂਦੇ ਹਨ ਪਰ ਅੰਦਰੋਂ ਫ਼ਕੀਰੀ ਵਾਲੀ ਕੋਈ ਬਾਤ ਨਹੀਂ ਹੁੰਦੀ। ਉਸ ਨੇ ਮਨਸੂਬਾ ਬਣਾਇਆ ਕਿ ਇਨਾਂ ਦਾ ਇਮਤਿਹਾਨ ਲਵਾਂਗਾ ਅਤੇ ਪੂਰੇ ਨਾ ਉਤਰੇ ਤਾਂ ਉਨਾਂ ਦੇ ਕੱਪੜੇ ਉਤਾਰ ਕੇ ਕੁੱਟਮਾਰ ਕਰ ਕੇ ਬੇਇੱਜ਼ਤ ਕਰਾਂਗਾ। ਇਸ ਖ਼ਿਆਲ ਨਾਲ ਉਸ ਨੇ ਬਾਬਾ ਜੀ ਨੂੰ 62 ਸਵਾਲ ਕੀਤੇ। ਉਨਾਂ ਸਾਰਿਆਂ ਦਾ ਹੈਰਾਨਕੁੰਨ ਜਵਾਬ ਸੁਣ ਕੇ ਤਸੱਲੀ ਹੋਈ ਅਤੇ ਉਸ ਨੇ ਬਾਬਾ ਜੀ ਤੋਂ ਪੁੱਛਿਆ ਕਿ ਤੁਸੀਂ ਕਿੱਧਰ ਜਾ ਰਹੇ ਹੋ ? ਬਾਬਾ ਜੀ ਨੇ ਆਖਿਆ 'ਮੱਕਾ' ਤਾਂ ਉਸ ਨੇ ਕਿਹਾ ਕਿ ਆਪ ਤਾਂ ਹਿੰਦੂ ਹੋ, ਮੱਕਾ ਵਿਚ ਕਿਸੇ ਗ਼ੈਰ-ਮੁਸਲਿਮ ਨੂੰ ਨਹੀਂ ਜਾਣ ਦਿੱਤਾ ਜਾਂਦਾ। ਬਾਬਾ ਜੀ ਨੇ ਜਵਾਬ ਵਿਚ ਕਿਹਾ, ਵੇਖੋ ਖ਼ੁਦਾ ਨੂੰ ਕੀ ਮਨਜ਼ੂਰ ਹੈ ! ਇਹ 62 ਸਵਾਲ ਗਿਆਨੀ ਗਿਆਨ ਸਿੰਘ ਨੇ ਆਪਣੀ ਪੁਸਤਕ 'ਤਵਾਰੀਖ਼ ਗੁਰੂ ਖਾਲਸਾ' ਵਿਚ ਦਰਜ ਕੀਤੇ ਹਨ। ਪੰਜ ਮਹੀਨੇ ਬਾਅਦ ਸ਼ਾਹ ਸ਼ਰਫ਼ ਮੱਕਾ ਪੁੱਜਿਆ। ਉੱਥੇ ਬਾਬਾ ਜੀ ਨੂੰ ਵੇਖ ਕੇ ਹੈਰਾਨ ਹੋ ਗਿਆ। ਪੁੱਛ-ਪੜਕਾਲ ਕਰ ਕੇ ਪਤਾ ਕੀਤਾ ਕਿ ਬਾਬਾ ਜੀ ਪੰਜ ਮਹੀਨੇ ਤੋਂ ਇਥੇ ਰਹਿ ਰਹੇ ਹਨ ਅਤੇ ਉਨਾਂ ਦੀ ਬੜੀ ਇੱਜ਼ਤ ਅਤੇ ਸੇਵਾ ਹੋ ਰਹੀ ਹੈ।

ਬਾਬਾ ਜੀ ਮੱਕਾ ਜਾਣ ਤੋਂ ਪਹਿਲਾਂ ਮੱਕਾ ਤੋਂ ਤਕਰੀਬਨ ਇਕ ਹਜ਼ਾਰ ਕੋਸ ਪਹਿਲਾਂ ਇਰਾਨ ਦੇ ਇਨੂਲਸ ਸ਼ਹਿਰ ਦੇ ਬਾਹਰ ਜੰਗਲੀ ਸੁਲੇਮਾਨ ਪਹਾੜੀ ਰਸਤੇ ਵਿਚ ਬੈਠ ਕੇ ਕੀਰਤਨ ਕਰਨ ਲੱਗੇ। ਤਾਜਦੀਨ ਨੇ ਆਪਣੀ ਕਿਤਾਬ 'ਸਿਯਾਹਤੋ ਬਾਬਾ ਨਾਨਕ ਫ਼ਕੀਰ' ਵਿਚ ਲਿਖਿਆ ਹੈ ਕਿ ਉਹ ਆਪਣੇ ਕਿਸੇ ਕੰਮ ਲਈ ਜਾ ਰਿਹਾ ਸੀ ਕਿ ਉਨਾਂ ਦੀ ਨਜ਼ਰ ਬਾਬਾ ਜੀ 'ਤੇ ਪਈ, ਖ਼ੁਦਾ ਦੀ ਸਿਫ਼ਤ-ਸਲਾਹ ਸੁਣ ਕੇ ਉੱਥੇ ਬੈਠ ਗਏ। ਥੋੜੀ ਦੇਰ ਬਾਅਦ ਨਮਾਜ਼ ਦਾ ਸਮਾਂ ਹੋਣ ਕਾਰਨ ਉੱਠ ਕੇ ਚੱਲਣ ਲੱਗਾ ਤਾਂ ਬਾਬਾ ਜੀ ਨੇ ਅਰਬੀ ਜ਼ੁਬਾਨ ਵਿਚ ਕਿਹਾ, 'ਕੁਨਾ (ਭਾਵ, ਬੈਠ ਜਾਉ) ਤਾਂ ਮੈਂ ਬੈਠ ਗਿਆ। ਫਿਰ ਥੋੜੀ ਦੇਰ ਬਾਅਦ ਚੱਲਣ ਲੱਗਾ ਤਾਂ ਥੋੜੇ ਕਰੜੇ ਸ਼ਬਦਾਂ ਵਿਚ ਬਾਬਾ ਜੀ ਨੇ ਕਿਹਾ, 'ਵਲੇ ਤਾਜ਼ ਹੂ ਕਿੱਨਾ' (ਕਿਉਂ ਜਾਂਦੇ ਹੋ, ਬੈਠ ਜਾਉ)। ਜਵਾਬ ਵਿਚ ਮੈਂ ਅਰਬੀ ਵਿਚ ਕਿਹਾ, 'ਹਜ਼ੂਰ ਨਮਾਜ਼ ਦਾ ਸਮਾਂ ਹੋ ਗਿਆ ਹੈ। ਅੱਗੇ ਪਹਾੜੀ ਵਿਚ ਪਾਣੀ ਦੀ ਤਲਾਸ਼ ਕਰ ਵਜ਼ੂ ਕਰਨ ਨਮਾਜ਼ ਪੜਾਂਗਾ। ਬਾਬਾ ਜੀ ਨੇ ਇਹ ਸੁਣ ਕੇ ਕਿਹਾ, 'ਲਾ ਤੁਕੰਨਾ ਤੂ ਮਾਰਦੋ ਮਾਤੁੱਲਾ' (ਭਾਵ, ਹੇ ਖ਼ੁਦਾ ਦੇ ਬੰਦੇ ਤੂੰ ਖ਼ੁਦਾ ਦੀ ਰਹਿਮਤ ਤੋਂ ਬੇਜ਼ਾਰ ਨਾ ਹੋ)। 'ਹਿੰਨਾ ਚਸ਼ਮੇ ਆਬ ਬੇਸਆਰ ਅਸਤ' (ਭਾਵ, ਇਥੇ ਪਾਣੀ ਬਹੁਤ ਮਿਲੇਗਾ, ਭਰੋਸਾ ਰੱਖ)।

ਇਹ ਸੁਣ ਕੇ ਮੇਰੇ ਅੰਦਰ ਪ੍ਰੇਮ ਜਾਗਿਆ ਅਤੇ ਬੈਠ ਗਿਆ ਤੇ ਨਮਾਜ਼ ਭੁੱਲ ਗਈ। ਪਰ ਬਾਬਾ ਜੀ ਨੂੰ ਮੇਰੀ ਨਮਾਜ਼ ਦਾ ਖ਼ਿਆਲ ਸੀ। ਉਨਾਂ ਨੇ ਮਰਦਾਨਾ ਜੀ ਨੂੰ ਕਿਹਾ, 'ਇਨਾਂ ਨੇ ਨਮਾਜ਼ ਪੜਨੀ ਹੈ, ਕਿਤੋਂ ਪਾਣੀ ਤਲਾਸ਼ ਕਰੋ।' ਮਰਦਾਨਾ ਜੀ ਨੇ ਕਿਹਾ, 'ਹਜ਼ੂਰ ਮੈਂ ਵੀ ਬੜੀ ਦੇਰੀ ਤੋਂ ਪਿਆਸਾ ਹਾਂ ਅਤੇ ਮੇਰਾ ਵੀ ਧਿਆਨ ਪਾਣੀ ਦੀ ਤਲਾਸ਼ ਵਿਚ ਇਨਾਂ ਪਹਾੜੀਆਂ ਵਿਚ ਲੱਗਾ ਹੋਇਆ ਹੈ ਪਰ ਕਿਤੇ ਪਾਣੀ ਨਜ਼ਰ ਨਹੀਂ ਆ ਰਿਹਾ।' ਬਾਬਾ ਜੀ ਨੇ ਫ਼ਰਮਾਇਆ, 'ਮਰਦਾਨਾ ਜੀ ਇਸ ਧਰਤੀ ਨੇ ਖ਼ੁਦਾ ਦੀ ਸਿਫ਼ਤ-ਸਲਾਹ ਦਾ ਕੀਰਤਨ ਸੁਣਿਆ ਹੈ, ਇਹ ਜ਼ਰੂਰ ਤੁਹਾਨੂੰ ਪਾਣੀ ਦੀ ਬਖ਼ਸ਼ਿਸ਼ ਕਰੇਗੀ। ਇਹ ਲਉ ਸਾਡਾ 'ਆਸਾ' (ਸੋਟੀ), ਉਹ ਸਾਹਮਣੇ ਜੋ ਪੱਥਰ ਉੱਪਰ ਉੱਠਿਆ ਹੋਇਆ ਹੈ, ਉਸ ਨੂੰ ਇਸ 'ਆਸਾ' ਨਾਲ ਪੁੱਟੋ। ਮਰਦਾਨਾ ਜੀ ਨੇ ਐਸਾ ਹੀ ਕੀਤਾ ਤਾਂ ਪਾਣੀ ਦਾ ਚਸ਼ਮਾ ਫੁੱਟ ਪਿਆ। ਪਾਣੀ ਉੱਪਰ ਆ ਕੇ ਬਾਬਾ ਜੀ ਦੇ ਪੈਰਾਂ ਨੂੰ ਚੁੰਮ ਕੇ ਵਾਪਸ ਚਲਾ ਗਿਆ।

ਚਲਦਾ

****



ਕਿਵੇਂ ਥਾਪੇ ਜਾਂਦੇ ਹਨ ਤਖਤਾਂ ਦੇ 'ਜਥੇਦਾਰ' ਤੇ 'ਸਿੰਘ ਸਾਹਿਬਾਨ'

ਗੁਰਪ੍ਰੀਤ ਸਿੰਘ

ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਕੇਵਲ ਸਿੰਘ ਜੀ ਅਕਸਰ 'ਸਪੋਕਸਮੈਨ' ਦੇ ਦਫ਼ਤਰ ਆਉਂਦੇ ਜਾਂਦੇ ਰਹਿੰਦੇ ਹਨ। ਮੈਂ ਹੋਰ ਵੀ ਕਈ 'ਜਥੇਦਾਰਾਂ' ਤੇ 'ਸਿੰਘ ਸਾਬਿਾਨਾਂ' ਨੂੰ ਨੇੜਿਉਂ ਵੇਖਿਆ ਹੈ, ਪਰ ਸਿੱਖੀ ਲਈ ਜੋ ਵੀ ਤੜਪ, ਪੰਥ ਉਤੋਂ ਆਪਾ ਵਾਰਨ, ਪੰਥ ਦੀ ਚੜ੍ਹਦੀ ਕਲਾ ਲਈ ਕੁੱਝ ਕਰਨ ਦੀ ਲਗਨ ਆਪ ਅੰਦਰ ਵੇਖੀ ਹੈ, ਸ਼੍ਰੋਮਣੀ ਕਮੇਟੀ ਵਲੋਂ ਥਾਪੇ ਕਿਸੇ ਹੋਰ ਧਾਰਮਿਕ ਆਗੂ ਵਿੱਚ ਨਹੀਂ ਵੇਖੀ ਗਈ। ਪਰ ਉਨ੍ਹਾਂ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਉਹ ਸੱਚ ਬੋਲਣ ਤੋਂ ਕਦੇ ਨਹੀਂ ਹਿਚਕਚਾਉਂਦੇ, ਭਾਵੇਂ ਕਿਸੇ ਦੇ ਗੋਡੇ ਲੱਗੇ, ਗਿੱਟੇ ਲੱਗੇ, ਸੱਚ ਕਹਿ ਕੇ ਰਹਿੰਦੇ ਹਨ ਤੇ ਗੁਰਮਤਿ ਦਾ ਸਾਥ ਦੇਣ ਵਾਲਿਆਂ ਦਾ ਪੱਲਾ ਨਹੀਂ ਛੱਡਦੇ। ਇੱਕ ਘਰੇਲੂ ਦੁਰਘਟਨਾ ਕਾਰਨ ਗਿਆਨੀ ਜੀ ਨੂੰ ਅਹੁਦਾ ਤਿਆਗਣਾ ਪਿਆ, ਪਰ ਸ਼੍ਰੋਮਣੀ ਕਮੇਟੀ ਵਲੋਂ ਉਨ੍ਹਾਂ ਨੂੰ ਨਾਮਜ਼ਦ ਕੀਤੇ ਹੋਰ ਜਿੰਨੇ ਵੀ 'ਸਿੰਘ ਸਹਿਬਾਨ' ਤੇ 'ਜਥੇਦਾਰ' ਮੈਂ ਵੇਖੇ ਹਨ, ਉਹਨਾਂ ਵਿਚੋਂ ਸੱਭ ਤੋਂ ਵਧੀਆ ਮਨੁੱਖ ਗਿਆਨੀ ਕੇਵਲ ਸਿੰਘ ਹੀ ਲੱਗੇ ਹਨ। ਹੁਣੇ ਹੁਣੇ ਅਕਾਲ ਤਖਤ ਦੇ 'ਜਥੇਦਾਰ' ਵਲੋਂ ਉਨ੍ਹਾਂ ਦਾ ਇੱਕ ਸੱਦਾ ਪੱਤਰ ਮਿਲਿਆ ਹੈ ਕਿ ਉਹ ਇਹ ਦੱਸਣ ਕਿ ਸ੍ਰ: ਕਾਲਾ ਅਫਗਾਨ ਦੀਆਂ ਲਿਖਤਾਂ ਨੂੰ ਪੰਥਕ ਲਿਖਤਾਂ ਕਿਵੇਂ ਮੰਨਦੇ ਹਨ? ਗਿਆਨੀ ਕੇਵਲ ਸਿੰਘ ਜੀ ਸ੍ਰ: ਕਾਲਾ ਅਫਗਾਨ ਦੀਆਂ ਲਿਖਤਾਂ ਪੜ੍ਹ ਕੇ ਇੱਕ ਪ੍ਰਸੰਸਾ ਪੱਤਰ ਸ੍ਰ: ਕਾਲਾ ਅਫਗਾਨ ਨੂੰ ਲਿਖ ਭੇਜਿਆ ਸੀ।

ਦੋ ਕੁ ਸਾਲ ਪੁਰਾਣੀ ਇਕ ਗੱਲ ਯਾਦ ਆਉਂਦੀ ਹੈ। ਗਿਆਨੀ ਜੀ ਸਪੋਕਸਮੈਨ ਦੇ ਦਫਤਰ ਆਏ। ਪੰਦਰਾਂ ਵੀਹ ਮਿੰਟ ਗੱਲਬਾਤ ਕਰਦਿਆਂ ਬੀਤ ਗਏ ਤਾਂ ਮੈਂ ਮਹਿਸੂਸ ਕੀਤਾ ਕਿ ਮੈਂ ਉਨ੍ਹਾਂ ਨੂੰ ਕੇਵਲ 'ਗਿਆਨੀ' ਜੀ ਕਹਿ ਕੇ ਸੰਬੋਧਨ ਕਰਦਾ ਚਲਿਆ ਆ ਰਿਹਾ ਹਾਂ ਜਦ ਕਿ ਤਖਤਾਂ ਦੇ ਜਥੇਦਾਰਾਂ ਨੂੰ 'ਸਿੰਘ ਸਾਹਿਬਾਨ' ਕਹਿ ਕੇ ਬੁਲਾਉਣ ਦੀ ਰੀਤ ਚਲੀ ਹੋਈ ਹੈ।

ਮੈਂ ਕਿਹਾ, ਗਿਆਨੀ ਜੀ ਮੈਨੂੰ ਮਾਫ ਕਰਨਾ, ਮੈਂ ਤੁਹਾਨੂੰ ਗਿਆਨੀ ਜੀ ਕਹਿ ਕੇ ਬੁਲਾ ਰਿਹਾ ਹਾਂ। ਮੇਰੇ ਮੂੰਹ 'ਚੋਂ ਹੁਣ ਕਿਸੇ ਵੀ ਜਥੇਦਾਰ ਲਈ 'ਸਿੰਘ ਸਾਹਿਬਾਨ' ਨਿਕਲਦਾ ਹੀ ਨਹੀਂ....।

ਗਿਆਨੀ ਜੀ ਮੈਨੂੰ ਟੋਕ ਕੇ ਬੋਲੇ, 'ਫਿਕਰ ਨਾ ਕਰੋ, ਹਾਲਤ ਏਨੀ ਖਰਾਬ ਹੋ ਗਈ ਹੈ ਕਿ ਹੁਣ ਜਦੋਂ ਅਕਾਲ ਤਖਤ ਦੇ ਜਥੇਦਾਰ ਨਾਲ ਮੈਂ ਗੱਲ ਕਰਦਾ ਹਾਂ ਤਾਂ ਮੇਰੇ ਮੂੰਹ 'ਚੋਂ ਵੀ 'ਸਿੰਘ ਸਾਹਿਬ' ਨਹੀਂ ਨਿਕਲਦਾ, ਮੈਂ ਵੀ ਹੁਣ ਉਨ੍ਹਾਂ ਨੂੰ 'ਗਿਆਨੀ ਜੀ' ਕਰ ਕੇ ਹੀ ਬੁਲਾਉਂਦਾ ਹਾਂ।

ਮੈਂ ਕਿਹਾ, 'ਪਰ ਗਿਆਨੀ ਜੀ, ਇਹ ਸਾਰੇ 'ਜਥੇਦਾਰ' ਸਿੱਖਾਂ ਦਾ ਸਿਰ ਨੀਵਾਂ ਕਰਨ ਵਾਲੀਆਂ ਕਾਰਵਾਈਆਂ ਕਰਨ ਲਈ ਬਜ਼ਿਦ ਕਿਓਂ ਹੋਏ ਪਏ ਹਨ?

ਗਿਆਨੀ ਕੇਵਲ ਸਿੰਘ ਜੀ ਝੱਟ ਬੋਲੇ, 'ਪਰ ਤੁਸੀਂ ਉਨ੍ਹਾਂ ਤੋਂ ਬਹੁਤੀਆਂ ਆਸਾਂ ਕਿਉਂ ਲਾਈ ਬੈਠੇ ਹੋ?'

ਮੈਂ ਕਿਹਾ, 'ਇਸ ਲਈ ਕਿ ਉਹ ਤਖਤਾਂ ਉੱਤੇ ਬੈਠੇ ਹਨ। ਜੇ ਨਾ ਬੈਠੇ ਹੋਣ ਤਾਂ ਅਸੀਂ ਉਨ੍ਹਾਂ ਵੱਲ ਵੇਖਾਂਗੇ ਵੀ ਨਹੀਂ।

ਗਿਆਨੀ ਜੀ ਦਾ ਜਵਾਬ ਬੜਾ ਮਹੱਤਵ ਪੂਰਨ ਸੀ ਕਹਿਣ ਲੱਗੇ, 'ਪਰ ਉਹ ਤਖਤਾਂ 'ਤੇ ਪੁੱਜੇ ਕਿਵੇਂ ਹਨ, ਕਦੀ ਇਹ ਸੋਚਿਆ ਵੀ ਜੇ?' ਅੱਜ ਦੇ ਬਹੁਤੇ 'ਸਿੰਘ ਸਾਹਿਬ' 90 ਰੁਪੈ ਮਹੀਨੇ ਦੀ ਤਨਖਾਹ 'ਤੇ ਅਰਦਾਸੀਏ ਸਿੰਘਾਂ ਵਜੋਂ ਭਰਤੀ ਹੋਏ ਸਨ, ਜਿਨ੍ਹਾਂ ਨੂੰ ਕੇਵਲ ਅਰਦਾਸ ਕਰਨੀ ਆਉਂਦੀ ਸੀ। ਫਿਰ ਸਾਨੂੰ ਕਿਹਾ ਗਿਆ ਕਿ

'ਪੰਜ ਬਾਣੀਆਂ' ਹੀ ਕੰਠ ਕਰ ਲਈਏ। ਪ੍ਰਬੰਧਕਾਂ ਦੇ ਕਹਿਣ 'ਤੇ ਪੰਜ ਬਾਣੀਆਂ ਕੰਠ ਕਰ ਲਈਆਂ। ਉਨ੍ਹਾਂ ਸਾਡੀ ਤਨਖਾਹ ਵਧਾ ਦਿੱਤੀ। ਫਿਰ ਸਾਨੂੰ ਕਿਹਾ ਗਿਆ ਕਿ ਅਖੰਡ ਪਾਠ ਕਰਨੇ ਸਿੱਖ ਲਈਏ। ਉਨ੍ਹਾਂ ਦੇ ਕਹਿਣ 'ਤੇ ਅਸੀਂ ਇਹ ਵੀ ਕਰ ਲਿਆ। ਸਾਡੀ ਤਨਖਾਹ ਹੋਰ ਵੱਧ ਗਈ। ਫਿਰ ਪ੍ਰਧਾਨ ਸਾਹਿਬ ਦੇ ਪਿੱਛੇ ਦੌੜਨ ਦੀ ਹੋੜ ਲੱਗ ਗਈ। ਅਸੀਂ ਪ੍ਰਧਾਨ ਜੀ ਨੂੰ ਜਾ ਕਹਿਣਾ, 'ਪ੍ਰਧਾਨ ਜੀ, ਕਲਰਕਾਂ ਨੂੰ ਮਕਾਨ ਵੱਡੇ ਮਿਲੇ ਹਨ, ਸਾਨੂੰ ਛੋਟੇ।' ਪ੍ਰਧਾਨ ਜੀ, ਕਰਦੇ ਕਰਦੇ ਤੇ ਉਨ੍ਹਾਂ ਦੇ ਪਿਛੇ ਦੌੜਦੇ ਦੌੜਦੇ ਅਸੀਂ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਪ੍ਰਵਾਨ ਹੋਣ ਲੱਗ ਪਏ ਤੇ ਜਿਸ 'ਤੇ ਉਹ ਜ਼ਿਆਦਾ ਖੁਸ਼ ਹੁੰਦੇ ਸਨ, ਉਸ ਨੂੰ ਚੰਗੇ ਗੁਰਦੁਆਰੇ ਵਿੱਚ ਲਾ ਦਿੰਦੇ ਸਨ, ਤੇ ਫਿਰ ਗਰੰਥੀ ਬਣਾ ਦਿੰਦੇ ਸਨ। ਅਸੀਂ ਸਾਰੇ ਇਸੇ ਤਰ੍ਹਾਂ ਹੀ ਵੱਡੇ ਔਹੁਦਿਆਂ 'ਤੇ ਪਹੁੰਚੇ ਹਾਂ, ਇਸ ਲਈ ਸਾਡੇ ਤੋਂ ਕੋਈ ਵੱਡੀ ਆਸ ਰੱਖਣਾ ਵੀ ਤੁਹਾਡੀ ਗਲਤੀ ਹੋਵੇਗੀ। ਹਾਂ, ਜਦੋਂ ਕਿਸੇ ਨੇ ਆਪਣੇ ਬਲਬੂਤੇ 'ਤੇ ਜ਼ਿੰਦਗੀ ਵਿੱਚ ਸਫਲਤਾ ਪ੍ਰਾਪਤ ਕਰਕੇ, ਧਰਮ ਦੀ ਡੂੰਘੀ ਖੋਜ ਕੀਤੀ ਹੋਵੇਗੀ, ਦੂਜੇ ਧਰਮਾਂ ਦਾ ਅਧਿਐਨ ਕੀਤਾ ਹੋਵੇਗਾ ਤੇ ਧਰਮ ਦੀ ਦੁਨੀਆਂ ਵਿੱਚ ਆਪਣੇ ਤੌਰ 'ਤੇ ਨਾਮ ਖੱਟਿਆ ਹੋਵੇਗਾ, ਜਦੋਂ ਅਜਿਹੇ ਬੰਦੇ ਨੂੰ 'ਜਥੇਦਾਰ' ਬਣਾਉਗੇ, ਉਸ ਤੋਂ ਜੋ ਜੀਅ ਚਾਹੇ, ਆਸ ਰੱਖ ਲੈਣੀ, ਪਰ ਪ੍ਰਧਾਨ ਜੀ ਦੀਆਂ ਮਿਨਤਾਂ ਤਰਲੇ ਕਰਕੇ ਉਨ੍ਹਾਂ ਦੀ 'ਜੀਅ ਹਜ਼ੂਰੀ' ਕਰਕੇ ਬਣੇ 'ਜਥੇਦਾਰਾਂ' ਤੋਂ ਕੋਈ ਆਸ ਨਾ ਰੱਖੋ ਤਾਂ ਸੁਖੀ ਰਹੋਗੇ।'

ਬਾਅਦ ਵਿੱਚ ਇਹ ਗੱਲ ਗਿਆਨੀ ਜੀ ਨੇ ਸਟੇਜ ਤੋਂ ਸੁਣਾਈ। ਵੱਡੇ ਅਹੁਦੇ 'ਤੇ ਪਹੁੰਚ ਕੇ ਸ਼ਾਇਦ ਹੀ ਕਿਸੇ ਹੋਰ ਵਿਅਕਤੀ ਨੇ ਇਸ ਬੇਬਾਕੀ ਨਾਲ ਦੱਸਿਆ ਹੋਵੇ ਕਿ ਅੱਜ ਦੇ ਯੁੱਗ ਵਿੱਚ, ਵੱਡੇ ਅਹੁਦਿਆਂ 'ਤੇ ਪੁੱਜਿਆ ਕਿਵੇਂ ਜਾ ਸਕਦਾ ਹੈ? ਉਪਰੋਕਤ ਗੱਲਬਾਤ ਮਗਰੋਂ, ਮੇਰੇ ਦਿਲ ਵਿੱਚ ਗਿਆਨੀ ਕੇਵਲ ਸਿੰਘ ਜੀ ਦੀ ਇਜ਼ਤ ਹੋਰ ਵੱਧ ਗਈ।

ਗਿਆਨੀ ਕੇਵਲ ਸਿੰਘ ਜੀ ਦੀ ਕਹੀ ਹੋਈ ਆਖਰੀ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਆਪਣੀ ਖੋਜ ਦੇ ਅਧਾਰ 'ਤੇ ਜਾਂ ਆਪਣੇ ਕੰਮਾਂ ਦੇ ਅਧਾਰ 'ਤੇ ਧਰਮ ਦੀ ਦੁਨੀਆਂ ਵਿੱਚ ਅਜ਼ਾਦਾਨਾਂ ਤੌਰ 'ਤੇ ਨਾਮਣਾਂ ਖੱਟਣ ਵਾਲੇ ਬੰਦਿਆਂ ਨੂੰ ਜਦ ਤਕ ਉੱਚ ਪਦਵੀਆਂ 'ਤੇ ਨਹੀਂ ਬਿਠਾਇਆ ਜਾਂਦਾ, ਦਰਬਾਰ ਸਾਹਿਬ ਅਤੇ ਅਕਾਲ ਤਖਤ 'ਤੇ ਹਾਲਤ ਨਹੀਂ ਸੁਧਰੇਗੀ। ਮੈਨੂੰ ਪਤਾ ਹੈ, ਕਈ 'ਸਿੰਘ ਸਾਹਿਬਾਨ' ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠੇ ਇੱਕ ਦੂਜੇ ਨੂੰ ਗੰਦੀਆਂ ਗਾਲਾਂ ਕੱਢਦੇ ਵੇਖੇ ਗਏ ਹਨ। ਸਿੱਖਾਂ ਨੂੰ ਤਾਂ ਕਿਹਾ ਜਾਂਦਾ ਹੈ ਕਿ ਇਨ੍ਹਾਂ ਦੇ ਹੁਕਮਾਂ ਨੂੰ 'ਇਲਾਹੀ ਹੁਕਮ' ਕਰਕੇ ਮੰਨਣ, ਪਰ ਇਨ੍ਹਾਂ ਨੂੰ ਨੇੜਿਓਂ ਜਾਣਦੇ ਹੋਣ ਕਰਕੇ, ਸ਼੍ਰੋਮਣੀ ਕਮੇਟੀ ਦੇ ਆਗੂ ਤੇ ਕਰਮਚਾਰੀ ਇਨ੍ਹਾਂ ਨਾਲ ਕਈ ਵਾਰੀ ਬੜੀ ਬੁਰੀ ਤਰ੍ਹਾਂ ਪੇਸ਼ ਆਉਂਦੇ ਵੀ ਵੇਖੇ ਹਨ। ਬੀਬੀ ਜਗੀਰ ਕੌਰ ਸ਼ਰੇਆਮ ਗਿਆਨੀ ਪੂਰਨ ਸਿੰਘ ਨੂੰ 'ਵੇ ਪੂਰਨਿਆਂ' ਕਹਿ ਕੇ ਬੁਲਾਉਂਦੀ ਸੁਣੀ ਜਾਂਦੀ ਸੀ। ਇਹੀ ਸਲੂਕ ਅੱਗੇ ਇਹ ਇਨ੍ਹਾਂ ਨਾਲ ਕਰਦੇ ਹਨ ਜੋ ਇਨ੍ਹਾਂ ਸਾਹਮਣੇ ਪੇਸ਼ ਹੁੰਦੇ ਹਨ।

ਚੰਗੇ ਭਲੇ ਗੁਰਮੁੱਖਾਂ ਨੂੰ 'ਤੂੰ' ਕਰਕੇ ਬੁਲਾਉਂਦੇ ਤੇ ਹੰਕਾਰ ਨਾਲ ਫੁਕਾਰੇ ਮਾਰ ਰਹੇ ਹੁੰਦੇ ਹਨ। ਭਾਈ ਰਣਜੀਤ ਸਿੰਘ ਨੇ ਤਾਂ ਅਕਾਲ ਤਖਤ ਉੱਤੇ ਹੀ ਪ੍ਰੋ: ਦਰਸ਼ਨ ਸਿੰਘ ਦੀ ਬਾਂਹ ਮਰੋੜ ਕੇ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੰਕਾਰ ਉਪਜਾਉਣ ਵਾਲੀਆਂ ਇਨ੍ਹਾਂ ਪਦਵੀਆਂ ਦੀ ਕੋਈ ਲੋੜ ਵੀ ਹੈ? ਆਮ ਲੋਕਾਂ ਨੂੰ ਉਥੇ ਕੇਵਲ ਗੁਰੂ ਅੱਗੇ ਝੁਕਣ ਲਈ ਕਹਿਣਾ ਚਾਹੀਦਾ ਹੈ, ਪਰ ਗੁਰੂ ਗ੍ਰੰਥ ਸਾਹਿਬ ਕਿਉਂ ਕਿ ਕਿਸੇ ਨੂੰ 'ਛੇਕਦਾ' ਨਹੀਂ ਤੇ ਧਮਕੀਆਂ ਵੀ ਨਹੀਂ ਦਿੰਦਾ, ਇਸੇ ਲਈ ਬਹੁਤੇ ਲੋਕ ਗੁਰੂ ਗ੍ਰੰਥ ਸਾਹਿਬ ਅੱਗੇ ਘੱਟ ਤੇ ਇਨ੍ਹਾਂ ਅੱਗੇ ਆਜਜ਼ੀ ਨਾਲ ਝੁੱਕਦੇ ਹਨ। ਗੁਰਦੁਆਰੇ ਵਿੱਚ ਇਨ੍ਹਾਂ 'ਗੁਰੂ ਦੇ ਸ਼ਰੀਕਾਂ' ਦਾ ਹੋਣਾ ਬਹੁਤ ਖਟਕਣ ਲੱਗ ਪਿਆ ਹੈ। ਜੇ ਇਨ੍ਹਾਂ ਨੂੰ ਰੱਖਣਾ ਵੀ ਹੈ ਤਾਂ ਗੁਰਦੁਆਰੇ ਤੋਂ ਬਾਹਰ ਦੂਰ ਲਿਜਾ ਕੇ ਰੱਖਿਆ ਜਾ ਸਕਦਾ ਹੈ, ਪਰ ਗੁਰਦੁਆਰੇ ਵਿੱਚ ਇਹ ਬਿਲਕੁਲ ਨਹੀਂ ਸੋਭਦੇ, ਕਿਉਂ ਕਿ ਗੁਰਦੁਆਰਾ ਹਲੀਮੀ ਦਾ ਘਰ ਹੈ, ਮੰਨਿਆ ਜਾਂਦਾ ਹੈ, ਜਦ ਕਿ ਇਨ੍ਹਾਂ ਦੀਆਂ 'ਜਥੇਦਾਰੀਆਂ' ਸਿੰਘ ਸਾਹਿਬੀਆਂ' ਤੇ 'ਪ੍ਰਧਾਨਗੀਆਂ' ਹੰਕਾਰ, ਗਰੂਰ ਤੇ ਹੈਂਕੜ ਦੇ ਸੋਮੇ ਬਣ ਚੁੱਕੀਆਂ ਹਨ।

(ਸਪੋਕਸਮੈਨ ਮਾਸਕ ਸਤੰਬਰ 2003 ਦੇ ਅੰਕ ਵਿਚੋਂ ਧੰਨਵਾਦ ਸਹਿਤ)

9461671914

****

ਗੁਰੂ ਨਾਨਕ ਕਾਵਿ ਅੰਜਲੀ



-ਮਨਮੋਹਨ ਸਿੰਘ ਦਾਊਂ

ਬਾਬਾ ਜੀ ਦੀ ਪ੍ਰਾਹੁਣਚਾਰੀ

-ਪ੍ਰੋ: ਪੂਰਨ ਸਿੰਘ

(ਖਾਲਸਾ ਸਮਾਚਾਰ ਕੱਤਕ ਦੀ ੨੫ਸੰਮਤ ਨਾ:ਸ਼ਾ੪੪੮, ਨਵੰਬਰ ੯, ਸੰਨ ੧੯੧੯ ਈ:)

1

ਉਠ ਨੀ ਸਖੀ
ਚਲ ਵੇਖਣ ਚਲੀਏ,
ਅਜਬ ਮੂਰਤਾਂ ਆਈਆਂ ਨੀ।

ਥਾਂ-ਥਾਂ ਛੱਤਰ ਲੱਗੇ ਹਨ ਭਾਰੇ,
ਇਕ ਤੋਂ ਇਕ ਸਵਾਈਆਂ ਨੀ।

ਅਜਬ ਮਹਿਕ ਹੈ ਫੈਲੀ ਸਾਰੇ,
ਵੱਜਣ ਸਹਿਜ ਵਧਾਈਆਂ ਨੀ।

ਕੰਵਲਾਂ ਨੂੰ ਹਨ ਭੌਰੇ ਭੁੱਲੇ,
ਦਿੰਦੇ ਫਿਰਦੇ ਧਾਈਆਂ ਨੀ।

ਪ੍ਰੀਤ ਮਦਹੋਸ਼ੀ ਛਾਈ ਸਾਰੇ,
ਲੱਗੀਆਂ ਉੱਚੀਆਂ ਸਾਈਆਂ ਨੀ।

ਆਕਾਸ਼ ਪਵਿੱਤਰ ਧਰਤ ਪਵਿੱਤਰ,
ਚੀਜ਼ਾਂ ਤੀਰਥ ਨਹਾਈਆਂ ਨੀ।

ਪਿਆਰ ਗਗਨ ਹੈ ਛਾਇਆ ਉਪਰ,
ਸਾਰੀਆਂ ਬਾਬਲ ਜਾਈਆਂ ਨੀ।

2

ਪਾ ਕਪੜੇ ਚਲ ਵੇਖਣ ਚਲੀਏ,
ਕੌਣ-ਕੌਣ ਰਿਖ ਆਏ ਨੀ।

ਸ਼ਿਵਜੀ ਨਾਲ ਗੌਰਜਾਂ ਲੈ ਕੇ,
ਚੜ੍ਹ ਕੰਧੀ ਉਹ ਧਾਏ ਨੀ।

ਨੀਝ ਲਾਇ ਕੇ ਦੇਖੋ ਸਖੀਓ,
ਵਿਸ਼ਨੂੰ ਆਣ ਸਹਾਏ ਨੀ।

ਕੰਵਲ ਨੈਣ ਉਹ ਲੱਛਮੀ ਆਈ
ਸੁਹੱਪਣ-ਗਗਨ ਰੰਗਾਏ ਨੀ।

ਵੀਣਾ ਹੱਥ ਵਿੱਚ ਨਾਰਦ ਆਏ,
ਰਾਗ ਰੰਗੀਨ ਵਜਾਏ ਨੀ।

ਧਰੂ ਪ੍ਰਹਿਲਾਦ ਆਣ ਬਾਬੇ ਘਰ,
ਸਿਫ਼ਤ ਸਲਾਹਾਂ ਗਾਏ ਨੀ।

ਜਲੇ ਹਰੀ-ਏ ਥਲੇ ਹਰੀ ਏ,
ਸੁਹਣੇ ਸ਼ਬਦ ਸੁਣਾਏ ਨੀ।

3

ਉੱਠ ਨੀ ਸਖੀ ਚੱਲ ਵੇਖਣ ਚਲੀਏ,
ਹੋਰ ਰੰਗੀਲਾ ਆਇਆ ਈ।

ਛਾਈਂ ਮਾਈਂ "ਰਾਮਾ" ਨਾਮ ਹੈ,
"ਨਾਨਕਾ" ਨਾਦ ਵਜਾਇਆ ਈ।

ਲੂੰਅ-ਲੂੰਅ ਹੱਸੇ ਰਗ-ਰਗ ਟੱਪੇ,
ਹੋਰ ਵੱਡਾ ਇਕ ਆਇਆ ਈ।

ਨੈਣਾਂ ਝਮਕਣ ਤਾਰੇ ਝਮਕਣ,
ਏ ਨੈਣਾਂ ਦੀ ਆਇਆ ਈ।

ਬੰਸੀ ਬੀਨ ਵਜਾਏ ਮਿੱਠੀ,

"ਨਾਨਕ" "ਨਾਨਕ" ਗਾਇਆ ਈ।

ਆਖੇ ਸਭ ਤੋਂ ਵੱਡਾ ਬਾਬਾ
ਦੁਨੀਆਂ ਤਾਰਨ ਆਇਆ ਈ।

ਬੁੱਧ ਆਏ ਤੇ ਜੀਨਾ ਆਏ,
ਧੰਨ ਗੁਰੂ ਨਾਨਕ ਗਾਇਆ ਈ।

ਈਸਾ ਨਾਲ ਮੁਹੰਮਦ ਆਏ,
"ਨਾਨਕ ਧੰਨ" ਅਲਾਇਆ ਈ।

4

ਵਿਹੜਾ ਬਾਬੇ ਜੀ ਦਾ ਭਾਰੀ,
ਮਿਟਦੀ ਸਭ ਅਸਨਾਈ ਹੈ।

ਭੂਤ ਭਵਿੱਖ ਤੇ ਵਰਤਮਾਨ ਦੀ,
ਆਈ ਸਭ ਲੋਕਾਈ ਹੈ।

ਰੂਪ ਨਾ ਰੇਖ ਨਾ ਰੰਗ ਨਾ ਸੂਰਤ,
ਇਕੋ ਪਿਆਰ ਇਲਾਹੀ ਹੈ।

ਇਕ ਸੁਰ ਹੋ ਜਦ ਮਿਲਦੇ ਸਾਰੇ,
ਨੈਣਾਂ ਛਹਿਬਰ ਲਾਈ ਹੈ।

ਰਸਿਕ ਚੁੱਪ ਦੀ ਮਿੱਠ ਵਿੱਚ ਬੋਲੇ,
ਧਰਮਸਾਲ ਸਭ ਭਾਈ ਹੈ।

ਸਭ ਬਾਬੇ ਦਾ ਬਾਬਾ ਸਭ ਦਾ,
ਇਹੋ ਜੋਤ ਜਗਾਈ ਹੈ।

ਸਭ ਨੇ ਰਲ ਕੇ ਗੀਤ ਗਾਵਿਆ,
ਅਨਹਤ ਧੁਨੀ ਉਠਾਈ ਹੈ।

"ਸਭ ਤੋਂ ਵੱਡਾ ਸਤਿਗੁਰੂ ਨਾਨਕ",
ਨਾਨਕ ਧੰਨ ਕਮਾਈ ਹੈ।

ਬਾਬਾ ਨਾਨਕ

-ਧਨੀ ਰਾਮ ਚਾਤ੍ਰਿਕ

ਜਿਸ ਦੇ ਚਾਨਣ ਰਿਸ਼ਮਾਂ ਪਾਈਆਂ
ਲਹਿਣੇ ਦੇ ਆਈਨੇ ਤੇ,
ਉਸ ਜੋਤ ਨੇ ਛਾਪ ਲਗਾਈ
ਕੰਧਾਰੀ ਦੇ ਸੀਨੇ ਤੇ।

ਬਾਲਕ ਵਾਗੀ ਬੁਢਾ ਕੀਤਾ,
ਬੇਰ ਬਣਾਇਆ ਰੇਠੇ ਦਾ,
ਰਾਇ ਬੁਲਾਰ ਮੁਰੀਦ ਕਰ ਲਿਆ,
ਪਾ ਕੇ ਨੂਰ ਨਗੀਨੇ ਤੇ।

ਕਿਰਤੀ ਦਾ ਭੰਡਾਰ ਵਿਖਾਇਆ,
ਅੰਨ੍ਹੇ ਮਾਇਆ ਧਾਰੀ ਨੂੰ,
ਸੱਜਣ ਠੱਗ ਨੂੰ ਝਾਤ ਪੁਆਈ,
ਘਰ ਵਿੱਚ ਪਏ ਦਫ਼ੀਨੇ ਤੇ।

ਬ੍ਰਾਹਮਣ ਕਾਜੀ ਦੋਵੇਂ ਰਗੜੇ,
ਨਿਯਤ ਦੀ ਘਸਵੱਟੀ ਤੇ
ਉਹ ਅਛੂਤ ਬਰਾਬਰ ਤੋਲੇ,
ਕਰਤਬ ਦੇ ਤਖਮੀਨੇ ਤੇ।

ਪ੍ਰੇਮ ਨਸ਼ੇ ਥੀਂ ਖੀਵਾ ਕੀਤਾ,
ਅਮਲਾਂ ਦੇ ਦੀਵਾਨੇ ਨੂੰ।
ਮੱਕੇ ਵਾਲੇ ਨੂੰ ਭਰਮਾਇਆ,
ਦਿਲ ਦੇ ਪਾਕ ਮਦੀਨੇ ਤੇ।

ਵਹਦਤ ਦਾ ਵਿਉਪਾਰੀ ਆਇਆ,
ਹਾਜੀ ਹਿੰਦੂ ਮੁਸਲਿਮ ਦਾ,
ਮੰਦਰ ਮਸਜਿਦ ਸਾਂਝੇ ਕੀਤੇ,
ਮਿੱਟੀ ਪਾਈ ਕੀਨੇ ਤੇ।

ਆ ਜਾ ਮਨ ਅਜ ਸ਼ੁਕਰਾਨੇ ਕਰੀਏ
ਬਾਬੇ ਏਕੰਕਾਰੀ ਦੇ,
ਜਿਸ ਨੇ ਜੋਤ ਜਗਾਈ
ਆਣ ਗੁਆਚੇ ਦੇ ਮਾਲ ਖਜੀਨੇ ਤੇ।

ਦੁਨੀਆਂ ਵਾਲਿਓ, ਕੁਝ ਨਾ ਪੁੱਛੋ
ਮੇਰੇ ਐਬ ਸਵਾਬਾਂ ਦੀ,
ਚਾਤ੍ਰਿਕ ਦਾ ਹੈ ਤਕਵਾ
ਆਪਣੇ ਰਹਬਰ ਦਾਨੇ ਬੀਨੇ ਤੇ।

ਤੈਂ ਕੀ ਦਰਦ ਨ ਆਇਆ

-ਹੀਰਾ ਸਿੰਘ ਦਰਦ

ਅੱਖਾਂ ਨਾਲ ਨ ਦਿਸੇ ਤਸਵੀਰ ਤੇਰੀ,

ਕੁਦਰਤ ਦੇਖ ਕੇ ਮੂੰਹ ਥੀਂ ਵਾਹ ਨਿਕਲੇ!
ਕਣੀ ਦਰਦ ਦੀ ਕੋਈ ਖਿਲਾਰੀਆ ਵੇ,
ਐਡੇ ਵਗ ਕੇ ਸਭ ਪ੍ਰਵਾਹ ਨਿਕਲੇ!
ਠਾਠਾਂ ਮਾਰਦੇ ਬਹਿਰ ਕੇ ਕੁਦਰਤਾਂ ਦੇ,
ਜ਼ੱਰੇ ਜ਼ੱਰੇ ਥੀਂ ਦਰਦ ਦੀ ਭਾਹ ਨਿਕਲੇ!
ਲੋਕ ਜਿੰਦ ਕਹਿੰਦੇ ਅਸੀਂ ਦਰਦ ਕਹੀਏ,
ਜਿਥੇ ਦਰਦ ਹੋਵੇ ਉਥੋਂ ਆਹ ਨਿਕਲੇ!

ਜਿਥੇ ਕੋਇਲ ਦੀ ਕੂਕ ਨ ਪਵੇ ਕੰਨੀ,
ਅੰਬੋਂ ਸਖਣੇ ਬਾਗ਼ੋਂ ਵੈਰਾਨ ਚੰਗੇ।
ਜਿਥੇ ਬੁਲਬੁਲਾਂ ਬੈਠ ਨ ਗੀਤ ਗਾਉਣ,
ਖਿੜੇ ਫੁਲਾਂ ਤੋਂ ਰੜੇ ਮੈਦਾਨ ਚੰਗੇ।
ਜਿਥੇ ਪਾਣੀ ਨਾ ਮਿਲੇ ਪਿਆਸਿਆਂ ਨੂੰ,
ਉਨ੍ਹਾਂ ਬਸਤੀਆਂ ਥੀਂ ਬੀਆਬਾਨ ਚੰਗੇ।
ਦਰਦੋਂ ਸਖਣੇ ਦਿਲਾਂ ਤੋਂ ਸਚ ਜਾਣੋ,
ਰੁਖ ਬਿਰਖ ਚੰਗੇ ਤੇ ਹੈਵਾਨ ਚੰਗੇ।

ਭਾਗੋਂ ਹੀਣਿਆ ਭਾਰਤਾ! ਅੱਜ ਕਿਹੜਾ,
ਚਾਰ ਹੰਝੂ ਕੇਰੇ ਤੇਰੇ ਹਾਲ ਉਤੇ ?
ਤੇਰੇ ਚਾਰ ਚੁਫੇਰੜੇ ਅਗ ਭੜਕੀ,
ਲੰਬੇ ਪਏ ਬਲਦੇ ਵਾਲਾ ਵਾਲ ਉਤੇ।
ਓਏ ਬਾਬਰਾ! ਗਜ਼ਬ ਕੀ ਮਾਰਿਆ ਈ,
ਪਿਆ ਸ਼ਾਹ ਦਾ ਜ਼ੋਰ ਕੰਗਾਲ ਉਤੇ।
ਜ਼ੋਰਾਂ ਵਾਲਿਆਂ ਨੂੰ ਯਾਰੋ ਭੁਲ ਜਾਂਦਾ,
"ਲੇਖਾ ਦੇਵਣਾ ਪਵੇ ਐਮਾਲ ਉਤੇ"।

ਵੇਖੇ ਬਾਪ ਦਾ ਹਾਲ ਆ ਪੁੱਤ ਕੋਈ,
ਵੇਖੇ ਵੀਰ ਕੁਹੀਂਦਵਾ ਵੀਰ ਕੋਈ।
ਫੜਕ ਕਾਲਜਾ ਸੀਨਿਉਂ ਬਾਹਰ ਆਵੇ,
ਨੈਣੋਂ ਪਿਆ ਵਗੇ ਸੋਮਾ ਨੀਰ ਕੋਈ।
ਦਰਦੀ ਦਿਲਾਂ ਥੀਂ ਦਰਦ ਦੀ ਆਹ ਨਿਕਲੇ,
ਪਥਰ ਦਿਲਾਂ ਤੇ ਕਰੇ ਤਾਸੀਰ ਓਈ।
ਭਾਰਤ ਵਰਸ਼ ਦਾ ਦਰਦ ਅਜ ਕੌਣ ਵੰਡੇ,
ਕਢੇ ਆਏ ਕਲੇਜਿਉਂ ਤੀਰ ਕੋਈ?

ਆਗੂ ਮਾਲਕ ਦੇ ਸੇਠ ਸਰਦਾਰ ਜਿਤਨੇ,
ਦੇਸ਼ ਕੌਮ ਨੂੰ ਵੇਚਦੇ ਗਰਜ਼ ਬਦਲੇ।
ਖਾਣ ਹੀਰਿਆਂ ਦੀ ਭਾਰਤ ਦੇਸ਼ ਪਿਆਰਾ,
ਨਕਦ ਮਾਲ ਲੁਟਾਉਂਦੇ ਗਰਜ਼ ਬਦਲੇ।
ਬਾਹੂ ਬਲ ਤੇ ਹਿੰਦ ਦੀ ਸ਼ਾਨ ਉਚੀ,
ਦਿੱਤੀ ਖੋਹ ਗੁਲਾਮੀ ਦੀ ਮਰਜ਼ ਬਦਲੇ।
ਕੋਈ ਦਰਦ ਵਾਲੀ ਅੱਖ ਅੱਜ ਵੇਖੇ,
ਕੇਰੇ ਲਹੂ ਦੇ ਹੰਝੂ ਇਸ ਤਰਜ਼ ਬਦਲੇ।

ਜੀਹਦੇ ਰਿਦੇ 'ਚ ਤਾਹ ਹੈ ਦਰਦ ਵਾਲੀ,
ਸਾਰੇ ਦਿਲਾਂ ਦੇ ਨਾਲ ਪੈਵੰਦ ਹੋਈ।
ਜਿਹਦੀ ਬਾਂਹ ਗਲਵਕੜੀ ਆਜਜ਼ਾਂ ਦੀ,
ਛਾਤੀ ਜਿਸਦੀ ਪਿਤਾ ਮਾਨਿੰਦ ਹੋਈ।
ਜਿਸਦੇ ਹਥ ਯਤੀਮਾਂ ਦੀ ਛਤਰ ਛਾਇਆ,
ਜਿਸਦੀ ਅੱਖ ਨ ਕਿਸੇ ਵਲ ਬੰਦ ਹੋਈ।
ਨਾਨਕ ਗੁਰੂ ਨੇ ਵੇਖਿਆ ਹਾਲ ਆ ਕੇ
ਸਚੇ ਸਾਈਂ ਵਲ ਬਿਨੈ ਬੁਲੰਦ ਹੋਈ।

ਲੈ ਮਰਦਾਨਿਆਂ ਛੇੜ ਰਬਾਬ ਰੱਬੀ,
ਸਾਥੋਂ ਜ਼ੁਲਮ ਇਹ ਸਿਹਾ ਨਾ ਜਾਂਵਦਾ ਈ।
ਸਾਡੇ ਰਿਦੇ ਥੀ ਦਰਦ-ਸਦਾ ਆਈ,
ਬਾਝੋਂ ਕਹਿਣ ਦੇ ਰਿਹਾ ਨਾ ਜਾਂਵਦਾ ਈ।
ਲੋਕੀ ਚੁਪ ਹੋ ਕੇ ਜ਼ੁਲਮ ਸਹੀ ਜਾਂਦੇ,
ਮੂੰਹੋਂ ਬੋਲ ਕੇ ਕਿਹਾ ਨਾ ਜਾਂਵਦਾ ਈ।
ਪਹੁੰਚੇ ਦਰਦ ਕੀ ਕੂਕ ਅਕਾਸ਼ ਜਾ ਕੇ,
ਇਹ ਹਾਲ ਪਿਆ ਦਿਲ ਤੜਫਾਂਵਦਾ ਈ।

ਦਿਲੀ ਛੇਡ ਮਰਦਾਨੇ ਰਬਾਬ ਰੱਬੀ,
ਜਿਹੜੀ ਰਾਗ ਆਜ਼ਾਦੀ ਵਜਾਣ ਲਗ ਪਈ।
"ਬੇੜੀ ਕਟ ਕੇ ਮੀਰ ਵੇ ਦਰਦੀਆਂ ਦੀ",
ਬੁਲਬੁਲ ਪਿੰਜਰੇ ਵਿੱਚ ਹੀ ਗਾਣ ਲਗ ਪਈ।
ਬੰਦੀਖਾਨੇ ਨੂੰ ਭੁਲਿਆ ਬੰਦੀਆਂ ਨੇ,
ਨਵੀਂ ਲਹਿਰ ਕੋਈ ਦਿਲ ਤੜਫਾਣ ਲਗ ਪਈ।
ਨਾਨਕ ਗੁਰੂ ਦੀ ਦਰਦ-ਸਦਾ ਨਿਕਲੀ,
ਸਾਰੇ ਦਿਲਾਂ ਦੀ ਤਾਰ ਹਿਲਾਣ ਲਗ ਪਈ।

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।"

ਨਾਨਕ ਗੁਰੂ ਦੀ "ਦਰਦ-ਸਦਾ" ਇਕੋ,
ਕਈਆਂ ਦਿਲਾਂ ਦੀ ਪੀੜ ਕਾਫੂਰ ਕਰ ਗਈ।
ਬੂਹਾ ਖੋਲ੍ਹ ਦਿੱਤਾ ਬੰਦੀ ਖ਼ਾਨਿਆਂ ਦਾ,
ਬਾਬਰ ਸ਼ਾਹ ਦੇ ਤਾਈਂ ਮਜਬੂਰ ਕਰ ਗਈ।
ਲਗੇ ਘਾਓ ਵਿਛੋੜੇ ਦੇ ਦਿਲਾਂ ਉੱਤੇ,
ਮਰ੍ਹਮ ਮੇਲ ਦੀ ਦੁਖੜੇ ਦੂਰ ਕਰ ਗਈ।
ਆਹ! ਦਰਦ ਦੀ ਦਰਦ ਹਟਾਇ ਦੇਂਦੀ,
ਦੁਨੀ ਵਿੱਚ ਇਹ ਗਲ ਮਸ਼ਹੂਰ ਕਰ ਗਈ।

ਪੀਰ ਨਾਨਕ

-ਫ਼ਿਰੋਜ਼ਦੀਨ ਸ਼ਰਫ਼

ਰੁਤਬੇ ਸ਼ਾਹਾਂ ਦੇ ਰੱਖਦੇ ਜੱਗ ਉੱਤੇ,
ਤੇਰੇ ਬੂਹੇ ਦੇ ਜੇੜ੍ਹੇ ਫ਼ਕੀਰ ਨਾਨਕ।
ਪੱਕੀ ਸਨਦ ਹੈ ਸਵਰਗ ਦੇ ਵਾਸਤੇ ਇਹ,
ਤੇਰੀ ਗੋਦੜੀ ਦੀ ਪਾਟੀ ਲੀਰ ਨਾਨਕ।
ਤੇਰੇ ਪੈਰਾਂ ਦੀ ਮਲੀ ਜਿਸ ਖ਼ਾਕ ਪਿੰਡੇ,
ਕੁੰਦਨ ਹੋ ਗਿਆ ਓਹਦਾ ਸਰੀਰ ਨਾਨਕ।
ਭਲਾ ਬੰਦੇ ਹਕੀਕਤ ਕੀ ਰੱਖਦੇ ਨੇ,
ਕੱਢੇ ਪੱਥਰਾਂ ਦੇ ਵਿੱਚੋਂ ਨੀਰ ਨਾਨਕ।
ਹੋਏ ਓਸ ਥਾਂ ਠੀਕਰੇ ਠਾਕਰਾਂ ਦੇ,
ਗਏ ਘੱਤ ਕੇ ਜਿਧਰ ਵਹੀਰ ਨਾਨਕ।
ਪਾਇਆ ਇੱਕ ਓਂਕਾਰ ਦੇ ਰਾਹ ਸਿੱਧੇ,
ਪਾ ਕੇ 'ਇਕ' ਦੀ ਇੱਕ ਲਕੀਰ ਨਾਨਕ।
ਜੇੜ੍ਹੇ ਜੇੜ੍ਹੇ ਸਨ ਜ਼ੁਲਮ ਕਮਾਨ ਵਾਲੇ,
ਤੁਸਾਂ ਕਰ ਦਿੱਤੇ ਸਿੱਧੇ ਤੀਰ ਨਾਨਕ।
ਜਲਵੇ ਨੂਰ ਦੇ ਵੇਖਦਾ ਰਹਾਂ ਹਰਦਮ,
ਵੱਸੇ ਅੱਖੀਆਂ ਵਿੱਚ ਤਸਵੀਰ ਨਾਨਕ।
ਦੁਨੀਆਂ ਥੱਕ ਗਈ ਏ ਗਿਣ ਗਿਣ ਗੁਣ ਤੇਰੇ,
ਪਾਇਆ ਅੰਤ ਨਾ ਗੁਣੀ ਗਹੀਰ ਨਾਨਕ।
ਕਰਾਂ ਦੱਸ ਕੀ ਸ਼ਾਨ ਬਿਆਨ ਤੇਰੀ?
ਗੁਰੂ ਸਿੱਖਾਂ ਦੀ 'ਸ਼ਰਫ਼' ਦੇ ਪੀਰ ਨਾਨਕ।

ਜਪੁ-ਸਤਿਗੁਰ ਨਾਨਕ ਦੇਵ

-ਬਾਵਾ ਬੁਧ ਸਿੰਘ

ਧੰਨ ਗੁਰੂ ਨਾਨਕ, ਸਤਿਗੁਰੂ ਨਾਨਕ, ਵਾਹ ਗੁਰੂ ਨਾਨਕ,
ਰੱਬੀ ਪੀਰ ਨਾਨਕ।
ਮੇਰਾ ਪਿਆਰ ਨਾਨਕ, ਦਿਲਦਾਰ ਨਾਨਕ, ਆਸ਼ਕਜ਼ਾਰ ਨਾਨਕ,
ਬਿਰਹਾਂ ਪੀੜ ਨਾਨਕ।
ਕਦੀ ਪੁੱਤ ਨਾਨਕ, ਕਿਧਰੇ ਪਿਤਾ ਨਾਨਕ, ਕਦੀ ਪਤੀ ਨਾਨਕ,
ਕਦੀ ਵੀਰ ਨਾਨਕ
ਬੇਰੰਗ ਨਾਨਕ, ਅੰਗ ਸੰਗ ਨਾਨਕ, ਮਨ-ਤ੍ਰੰਗ ਨਾਨਕ,
ਡੋਲੇ ਧੀਰ ਨਾਨਕ।
ਭਗਤੀ ਪ੍ਰੇਮ ਨਾਨਕ, ਬਿਰਹਾਂ ਪ੍ਰੇਮ ਨਾਨਕ, ਦਿਨੇ ਰੈਨ ਨਾਨਕ,
ਨੈਨੀ ਨੀਰ ਨਾਨਕ।
ਕਦੀ ਸ਼ਾਹ ਨਾਨਕ, ਫਿਰ ਗਦਾ ਨਾਨਕ, ਦੱਸੇ ਰਾਹ ਨਾਨਕ,
ਦਸਤਗੀਰ ਨਾਨਕ।
ਜਗਦੀ ਜੋਤ ਨਾਨਕ, ਡੰਝਟ ਮੋਹਿਤ ਨਾਨਕ, ਆਸ਼ਕ, ਇਸ਼ਕ,
ਮਾਸ਼ੂਕ ਜ਼ਹੀਰ ਨਾਨਕ।
ਰੱਬੀ ਸ਼ਾਇਰ ਨਾਨਕ, ਕਵਿਤਾ ਮਾਹਿਰ ਨਾਨਕ, ਬਾਤਨ ਜ਼ਾਹਿਰ ਨਾਨਕ,
ਸੁਖਨਪੀਰ ਨਾਨਕ।
ਕਰੇ ਵਪਾਰ ਨਾਨਕ, ਮੱਝੀਚਾਰ ਨਾਨਕ, ਖੇਡਨਹਾਰ ਨਾਨਕ
ਖੇਤੀਗੀਰ ਨਾਨਕ।
ਕਦੀ ਜੋਗੀ ਨਾਨਕ, ਕਦੀ ਭੋਗੀ ਨਾਨਕ, ਕਦੀ ਸਿੱਧਾਂ ਦੇ ਵਿੱਚ,
ਤਕਰੀਰ ਨਾਨਕ,
ਬੰਦੀ ਛੋੜ ਨਾਨਕ, ਕੁਫ਼ਰਫੋੜ ਨਾਨਕ, ਬੰਧਨ ਤੋੜ ਨਾਨਕ,
ਭੀ ਅਸੀਰ ਨਾਨਕ।
ਕਦੀ ਸ਼ਾਹ ਨਾਨਕ, ਤੇ ਗਦਾ ਨਾਨਕ, ਜਗ ਗਾਹ ਨਾਨਕ,
ਏ ਫ਼ਕੀਰ ਨਾਨਕ।
ਤੂੰਏਂ ਯਾਰ ਨਾਨਕ, ਮੱਦਦਗਾਰ ਨਾਨਕ, ਗ਼ਮਗੁਸਾਰ ਨਾਨਕ,
ਦਲਗੀਰ ਨਾਨਕ।
ਤੂੰ ਉਪਕਾਰ ਨਾਨਕ, ਜਗ ਗਾਹ ਆਏ, ਉਪਦੇਸ਼ ਦਿਤਾ,
ਫਿਰ ਫਿਰ ਤੀਰ ਨਾਨਕ।
ਕਿਧਰੇ ਕਾਜ਼ੀਆਂ ਨਾਲ ਤੂੰ ਹੋਏਂ ਕਾਜ਼ੀ, ਕਿਧਰੇ ਸ਼ਾਹਾਂ ਦੇ ਨਾਲ
ਤੂੰ ਮੀਰ ਨਾਨਕ
ਕਦੀ ਮੱਕੇ ਕਾਬੇ, ਬਗਦਾਦ ਕਾਬਲ, ਕਦੀ ਤਾਰੇਂ ਡਾਕੂ,
ਰਾਹਗੀਰ ਨਾਨਕ।
ਕਦੇ ਜ਼ਮੀਂ ਟੁਰਦਾ, ਅਸਮਾਨ ਉਡੇਂ, ਕਦੇ ਜ਼ਾਹਿਰ,
ਛਿਪੇ ਜਾਦੂਗੀਰ ਨਾਨਕ।
ਕਿਧਰੇ ਤੂੰ ਹਿੰਦੂ, ਮੁਸਲਮਾਨ ਕਿਧਰੇ, ਕਿਧਰੇ ਬੋਧ ਜੈਨੀ,
ਆਲਮਗੀਰ ਨਾਨਕ।
ਸਿੱਖਾਂ ਵਿੱਚ ਏ ਜਾਨ ਤੂੰ ਪਾ ਦਿੱਤੀ, ਕਿਧਰੇ ਸ਼ਾਂਤ ਵੱਸੇ,
ਸ਼ਮਸ਼ੀਰ ਨਾਨਕ।
ਤੂੰ ਰੱਬ ਆਸ਼ਕ ਮਾਸ਼ੂਕ ਸਿੱਖਾ, ਕਦੇ ਹੋਏ ਰਾਂਝਾ
ਕਦੇ ਹੀਰ ਨਾਨਕ।

ਬਖਸ਼ਨਹਾਰ ਨਾਨਕ, ਸਿੱਖੀ ਬਖਸ਼ ਮੈਨੂੰ 'ਹਰੀ ਬੁੱਧ ਹੋਇਆ,
ਦਾਮਨਗੀਰ ਨਾਨਕ।

ਗੁਰੂ ਨਾਨਕ ਨੂੰ

-ਪ੍ਰੋ: ਮੋਹਨ ਸਿੰਘ

ਆ ਬਾਬਾ ਤੇਰਾ ਵਤਨ ਹੈ ਵੀਰਾਨ ਹੋ ਗਿਆ।
ਰਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ।

'ਕਲਯੁਗ ਹੈ ਰੱਥ ਅਗਨ ਦਾ', ਤੂੰ ਆਪ ਆਖਿਆ
ਮੁੜ ਕੂੜ ਓਸ ਰੱਥ ਦਾ, ਰਥਵਾਨ ਹੋ ਗਿਆ।

ਜੋ ਖ਼ਾਬ ਤੂੰ ਦੇਖਿਆ ਵਣ ਥੱਲੇ ਸੁਤਿਆਂ,
ਸੁਹਣਾ ਤੇਰਾ ਉਹ ਖ਼ਾਬ ਪਰੇਸ਼ਾਨ ਹੋ ਗਿਆ।

ਉਹ ਮੱਚੇ ਤੇਰੇ ਦੇਸ਼ ਦੀ ਹਿੱਕ 'ਤੇ ਉਲੰਬੜੇ,
ਪੰਜ-ਪਾਣੀਆਂ ਦਾ ਪਾਣੀ ਵੀ ਹੈਰਾਨ ਹੋ ਗਿਆ।

ਉਹ ਝੁੱਲੀਆਂ ਤੇਰੇ ਦੇਸ਼ 'ਤੇ ਮਾਰੂ ਹਨੇਰੀਆਂ,
ਉਡ ਕੇ ਸਾਡਾ ਆਲ੍ਹਣਾ ਕੱਖ ਕਾਨ ਹੋ ਗਿਆ।

ਜੁੱਗਾਂ ਦੀ ਸਾਂਝੀ ਸੱਭਿਤਾ ਪੈਰੀਂ ਲਿਤੜ ਗਈ,
ਸਦੀਆਂ ਦੇ ਸਾਂਝੇ ਖ਼ੂਨ ਦਾ ਨ੍ਹਾਣ ਹੋ ਗਿਆ।

ਵੰਡ ਬੈਠੇ ਤੇਰੇ ਪੁੱਤ ਨੇ ਸਾਂਝੇ ਸਵਰਗ ਨੂੰ,
ਵੰਡਿਆ ਸਵਰਗ ਨਰਕ ਦਾ ਸਮਿਆਨ ਹੋ ਗਿਆ।

ਓਧਰ ਧਰਮ ਗ੍ਰੰਥਾਂ ਤੇ ਮੰਦਰਾਂ ਦਾ ਜਗ ਗਿਆ,
ਏਧਰ ਮਸੀਤੋਂ ਬਾਹਰ ਹੈ ਕੁਰਆਨ ਹੋ ਗਿਆ।

ਹਿੰਦਵਾਣੀਆਂ, ਤੁਰਕਾਣੀਆਂ ਦੋਹਾਂ ਦੀ ਪਤ ਗਈ,
ਬੁਰਕੇ ਸੰਧੂਰ ਦੋਹਾਂ ਦਾ ਅਪਮਾਨ ਹੋ ਗਿਆ।

ਇਕ ਪਾਸੇ ਪਾਕ, ਪਾਕੀ, ਪਾਕਿਸਤਾਨ ਹੋ ਗਿਆ,
ਇਕ ਪਾਸੇ ਹਿੰਦੂ, ਹਿੰਦੀ, ਹਿੰਦੁਸਤਾਨ ਹੋ ਗਿਆ।

ਇਕ ਸੱਜੀ ਤੇਰੀ ਅੱਖ ਸੀ, ਇੱਕ ਖੱਬੀ ਤੇਰੀ ਅੱਖ
ਦੋਹਾਂ ਅੱਖਾਂ ਦਾ ਹਾਲ ਤੇ ਨੁਕਸਾਨ ਹੋ ਗਿਆ।

ਕੁਝ ਐਸਾ ਕੁਫ਼ਰ ਤੋਲਿਆ ਈਮਾਨ ਵਾਲਿਆਂ,
ਕਿ ਕੁਫ਼ਰ ਤੋਂ ਵੀ ਹੌਲਾ ਹੋ ਈਮਾਨ ਹੋ ਗਿਆ।

ਮੁੜ ਮੈਦੇ ਬਾਸਮਤੀਆਂ ਦਾ ਆਦਰ ਹੈ ਵਧਿਆ,
ਮੁੜ ਕੋਧਰੇ ਦੀ ਰੋਟੀ ਦਾ ਅਪਮਾਨ ਹੋ ਗਿਆ।

ਮੁੜ ਭਾਗੋਆਂ ਦੀ ਚਾਂਦਰੀਂ ਛਿੱਟੇ ਨੇ ਖ਼ੂਨ ਦੇ,
ਮੁੜ ਲਾਲੋਆਂ ਦੇ ਖ਼ੂਨ ਦਾ ਨੂੜਚਾਨ ਹੋ ਗਿਆ।

'ਉਸ ਸੂਰ ਓਸ ਗਾਊ' ਦਾ ਹੱਕ-ਨਾਹਰਾ ਲਾਇਆ ਤੂੰ,
ਇਕ ਹੱਕ ਪਰ ਨਿਹੱਕ ਤੋਂ ਕੁਰਬਾਨ ਹੋ ਗਿਆ।

ਮੁੜ ਗਾਉਣੇ ਪਏ ਨੇ ਮੈਨੂੰ ਸੋਹਲੇ ਖ਼ੂਨ ਦੇ,
ਪਾ ਪਾ ਕੇ ਕੁੰਗੂ ਰੱਤ ਦਾ ਰਤਲਾਣ ਹੋ ਗਿਆ।

ਤੂੰ ਰੱਬ ਨੂੰ ਵੰਗਾਰਿਆ, ਤੈਨੂੰ ਵੰਗਾਰਾਂ ਮੈਂ:
"ਆਇਆ ਨਾ ਤੈਂ ਕੀ ਦਰਦ ਏਨਾ ਘਾਣ ਹੋ ਗਿਆ।"

ਕਰਤਾਰਪੁਰ

-ਪ੍ਰੋ: ਮੋਹਨ ਸਿੰਘ

ਕਰ ਕੇ ਦੇਸ਼ ਦੇਸ਼ਾਂਤਰਾਂ ਵਿੱਚ ਸੱਚ ਦਾ ਪਰਚਾਰ
ਲਗਾਤਾਰ ਕਈ ਸਾਲ ਤਕ ਥਾਂ-ਥਾਂ ਗੇੜੇ ਮਾਰ।
ਪਾਵਨ ਚਰਨਾਂ ਨਾਲ ਗਾਹ ਜੋਜਨ ਕਈ ਹਜ਼ਾਰ।
ਇਕ ਥਾਂ ਉੱਤੇ ਟਿਕਣ ਦਾ ਕੀਤਾ ਗੁਰਾਂ ਵਿਚਾਰ।
ਤਾਂ ਜੋ ਹੱਥੀਂ ਸਿਰਜ ਕੇ ਇਕ ਕੇਂਦਰ-ਅਸਥਾਨ
ਕਿਰਤ ਕਰਨ ਵੰਡ ਛਕਣ ਦਾ ਮਹਾਂ ਪੂਰਨਾ ਪਾਣ।
ਇਸ ਲਈ ਜਿੱਥੇ ਗਏ ਸਨ ਹੱਥੀਂ ਮੋੜ੍ਹੀ ਗੱਡ
ਉਥੇ ਸਿੱਖਾਂ ਸੇਵਕਾਂ ਝੱਲ ਸਰਕੜੇ ਵੱਢ।
ਦਿੱਤੇ ਬਾਬਾ ਵਾਸਤੇ ਕੋਝੇ ਕੁਝ ਉਸਾਰ
ਜਿਨ੍ਹਾਂ ਵਿੱਚ ਗੁਰਦੇਵ ਜੀ ਲੈ ਆਏ ਪਰਵਾਰ।
ਜਿਉਂ ਜਿਉਂ ਖਿੰਡੀ ਗੁਰਾਂ ਦੀ ਲਾਂਭ ਚਾਂਭ ਮਹਿਕਾਰ
ਆਵਣ ਲਗੀਆਂ ਸੰਗਤਾਂ ਕਰਨ ਲਈ ਦੀਦਾਰ।
ਜਿੱਦਾਂ ਉੱਪਰ ਕੰਵਲ ਦੇ ਭੌਰ ਕਰਨ ਗੁੰਜਾਰ।

ਵੱਧਣ ਫੁਲਣ ਲਗ ਪਿਆ ਏਦਾਂ ਪੁਰ ਕਰਤਾਰ।
ਰਾਵੀ ਦੀ ਇਸ ਧਰਤ ਤੇ ਚੜ੍ਹਿਆ ਰੂਪ ਅਪਾਰ।
ਕਲਾਨੌਰ ਦੇ ਪਰਗਨੇ ਵਿੱਚ ਸੀ ਇਹ ਅਸਥਾਨ
ਸੀ ਪ੍ਰਚੱਲਤ ਜਿਸ ਲਈ ਲੋਕਾਂ ਵਿੱਚ ਅਖਾਣ:
"ਦੇਖਿਆ ਜਿਨ੍ਹੇ ਲਹੌਰ ਨਾ ਉਹ ਦੇਖੇ ਕਲਾਨੌਰ।"
ਵੱਡਾ ਅਕਬਰ ਜੰਮਿਆ ਹੈ ਸੀ ਜਿਹੜੀ ਠੌਰ।
ਕਰਦਾ ਸੀਗ ਕਰੋੜੀਆ ਵੀ ਏਥੇ ਹੀ ਵਾਸ
ਵੇਲੇ ਦੀ ਸਰਕਾਰ ਦਾ ਜੋ ਸੀ ਹਾਕਮ ਖ਼ਾਸ।
ਸੁਣ ਕੇ ਸ਼ੋਭਾ ਗੁਰੂ ਦੀ ਵੱਟੀ ਉਸ ਦੰਦ-ਕੀੜ
ਵੱਲ ਗੁਰੂ ਅਸਥਾਨ ਦੇ ਤੁਰਿਆ ਘੋੜਾ ਪੀੜ।
"ਏਸ ਗੁਰੂ ਨੂੰ, ਬੋਲਿਆ, ਜੁਰੱਤ ਹੋਈ ਕਿੰਜ
ਬਿਨਾ ਆਗਿਆ ਬੰਨ੍ਹਿਆ ਜਿਸ ਨੇ ਏਥੇ ਪਿੰਡ।
ਜਿਨ੍ਹਾਂ ਜਿਨ੍ਹਾਂ ਓਸ ਨੂੰ ਦਿੱਤੀ ਭੋਂ ਤੇ ਧੰਨ
ਪਾਵਾਂਗਾ ਮੈਂ ਉਨ੍ਹਾਂ ਨੂੰ ਬੰਦੀ ਦੇ ਵਿੱਚ ਬੰਨ੍ਹ।"
ਏਸ ਤਰ੍ਹਾਂ ਆਉਂਦਾ ਸਾਖੀਆਂ ਦੇ ਵਿਚਕਾਰ:
ਆਇਆ ਜਦੋਂ ਕਰੋੜੀਆ ਭਰਿਆ ਵਿੱਚ ਹੰਕਾਰ
ਲਾਗੇ ਗੁਰੂ ਸਥਾਨ ਦੇ ਦੇਖ ਆਪਣੀ ਛਾਂ
ਕੀਤੀ ਘੋੜੇ ਓਸਦੇ ਅੱਗੇ ਤੁਰਨੋਂ ਨਾਂਹ।
ਛਮਕਾਂ ਮਾਰ ਕਰੋੜੀਏ ਲਾਇਆ ਸਾਰਾ ਜ਼ੋਰ
ਇਕ ਪੈਰ ਵੀ ਪੁੱਟਿਆ ਪਰ ਨਾ ਉਹਦੇ ਜਨੌਰ।
ਲੋਕਾਂ ਨੇ ਸਮਝਾਇਆ ਉਤਰੋ ਹੇਠ ਹਜ਼ੂਰ
ਘੋੜੇ ਚੜ੍ਹ ਕੇ ਵਲੀ ਨੂੰ ਮਿਲਣਾ ਨਾ ਦਸਤੂਰ।
ਆਖਰ ਹਾਰ ਕਰੋੜੀਏ ਨੇ ਤਜਿਆ ਅਭਿਮਾਨ।
ਪੈਰੀਂ ਤੁਰ ਕੇ ਗੁਰੂ ਦੇ ਚਰਨੀਂ ਲੱਗਾ ਆਣ।
ਸਦਾ ਲਈ ਉਹ ਬਣ ਗਿਆ ਗੁਰ ਚਰਨਾਂ ਦਾ ਭੌਰ
ਨਾਲ ਲੱਗਦੀ ਗੁਰੂ ਨੂੰ ਭੋਂ ਦਿੱਤੀ ਉਸ ਹੋਰ।
ਨਾਲੇ ਦਿੱਤੀ ਓਸ ਇਕ ਧਰਮਸਾਲ ਬਣਵਾ।
ਇਉਂ ਉੱਤੇ ਕਰਤਾਰ ਪੁਰ ਚੜ੍ਹਿਆ ਰੂਪ ਸਵਾ।
ਘਲ ਕੇ ਸੇਵਕ ਗੁਰਾਂ ਨੇ ਮਾਪੇ ਲਏ ਮੰਗਾ
ਮਿਲ ਕੇ ਕਾਲੂ ਹਰਖਿਆ ਗਈ ਸਦਕੜੇ ਮਾਂ।
ਮਰਦਾਨਾ ਵੀ ਆਪਣਾ ਲੈ ਆਇਆ ਪਰਵਾਰ
ਮੁੜ ਕੇ ਓਸ ਜੀਵਾਲਿਆ ਸੁਪਨਿਆਂ ਦਾ ਸੰਸਾਰ।
ਤਲਵੰਡੀ ਤੋਂ ਉੱਠ ਕੇ ਕਈ ਘਰਾਨੇ ਹੋਰ
ਆ ਬੈਠੇ ਕਰਤਾਰਪੁਰ ਲੈ ਕੇ ਟੱਬਰ ਟੋਰ।
ਹੌਲੀ ਹੌਲੀ ਇਸ ਤਰ੍ਹਾਂ ਇਕ ਲੇਖੇ ਅਨੁਸਾਰ
ਵੱਸੋਂ ਇਸ ਦੀ ਹੋ ਗਈ ਵਧ ਕੇ ਵੀਹ ਅਜ਼ਾਰ।

(ਨਨਕਾਇਣ ਵਿਚੋਂ)

ਹੇ ਗੁਰੂ ਨਾਨਕ

-ਵਿਧਾਤਾ ਸਿੰਘ ਤੀਰ

ਬਾਗ ਧਰਮ ਤੇ ਕਹਿਰ ਹਨ੍ਹੇਰੀ,
ਪਤਝੜ ਹੋ ਕੇ ਝੁੱਲ ਰਹੀ।
ਫੁੱਲ ਟੁੱਟੇ ਕਲੀਆਂ ਕੁਮਲਾਈਆਂ,
ਬੁਲਬੁਲ ਦਰ ਦਰ ਰੁੱਲ ਰਹੀ।
ਵਿਛੜੇ ਫੁੱਲ ਟਹਿਣੀਆਂ ਨਾਲੋਂ,
ਹੋਣੀ ਤਕ ਤਕ ਫੁਲ ਰਹੀ।
ਕੋਮਲ ਪੱਤੀਆਂ ਲੂਸਣ ਟੁੱਟਣ,
ਵੇਖ ਵੇਖ ਅੱਖ ਡੁੱਲ੍ਹ ਰਹੀ।

ਜਿਹੜਾ ਫੁੱਲ ਸੁਗੰਧੀ ਦੇਵੇ,
ਉਹੀਓ ਤੋੜ ਉਜਾੜੀ ਦਾ।
ਹੇ ਗੁਰੂ ਨਾਨਕ! ਪਹੁੰਚ ਅਚਾਨਕ,
ਰਾਖਾ ਹੋ ਫੁਲਵਾੜੀ ਦਾ।

ਖੋਹ ਖੋਹ ਖਿੜੀਆਂ ਕਲੀਆਂ "ਪੱਤਝੜ"
ਧਾਗੇ ਹਾਰ ਪਰੋ ਰਹੀ ਏ।
ਸੀਨਾ ਵਿੰਨੇ ਨਾਲ ਸੂਈ ਦੇ,
ਤਿੱਖੇ ਤੀਰ ਚੁਭੋ ਰਹੀ ਏ।
ਤੋੜ ਤੋੜ ਕੇ ਕੋਮਲ ਕਲੀਆਂ,
ਹੱਸ ਰਹੀ ਏ ਖੁਸ਼ ਹੋ ਰਹੀ ਏ।
ਵੇਖ ਵੇਖ ਕੇ ਦਰਦਣ ਮਾਲਣ,
ਰੱਤ ਦੇ ਅੱਥਰੂ ਰੋ ਰਹੀ ਏ।
ਫਲਿਆ ਫੁਲਿਆ ਬਾਗ ਕੌਮ ਦਾ,
ਨਾਲ ਬੇਦਰਦੀ ਸਾੜੀ ਦਾ।
ਹੇ ਗੁਰੂ ਨਾਨਕ! ਪਹੁੰਚ ਅਚਾਨਕ,
ਰਾਖਾ ਹੋ ਫੁਲਵਾੜੀ ਦਾ।

ਕਿਧਰੇ ਖਿੜੀਆਂ ਖਿੜੀਆਂ ਕਲੀਆਂ,
ਭੱਠੀ ਵਿੱਚ ਨੇ ਸੜ ਰਹੀਆਂ।
ਲੂਸ ਲੂਸ ਕਈ ਚੰਦਰ-ਮੁਖੀਆਂ,

ਬੂਟਿਆਂ ਤੋਂ ਨੇ ਝੜ ਰਹੀਆਂ।
ਬਣਨ ਪਈਆਂ ਗੁਲਕੰਦਾਂ ਕਿਧਰੇ,
ਰੁੱਤਾਂ ਕਿਧਰੇ ਕੜ੍ਹ ਰਹੀਆਂ।
ਰੂਹ ਕਢਦੇ ਨੇ ਤਾਂ ਦੇ ਦੇ ਕੇ,
ਜ਼ੁਲਮੀ ਭੱਠੀਆਂ ਚੜ੍ਹ ਰਹੀਆਂ।

ਪਿਆ ਪਸਾਰੀ ਅਰਕ ਖਿੱਚਦਾ,
ਫੁਲ ਦੀ ਨਾੜੀ ਨਾੜੀ ਦਾ।
ਹੇ ਗੁਰੂ ਨਾਨਕ! ਪਹੁੰਚ ਅਚਾਨਕ,
ਰਾਖਾ ਹੋ ਫੁਲਵਾੜੀ ਦਾ।

ਫੁੱਲ ਬਹਾਰੀ ਝਾੜੇ "ਪੱਤਝੜ"
ਬਾਗ ਬਣਾ ਰਹੀ ਜੰਗਲ ਹੈ।
ਚੰਦਰਾ ਮਾਲੀ ਫੜ ਫੜ ਪੰਛੀ,
ਪਾ ਰਹਿਆ ਕੜੀਆਂ ਸੰਗਲ ਹੈ।
ਜੇ ਕੋਈ ਹੋੜੇ ਹਟਕੇ, ਇਸਨੂੰ,
ਘੁਲਦਾ ਕਰਦਾ ਦੰਗਲ ਹੈ।
ਪਤ-ਝੜ ਕਾਹਦੀ ਸਾਡੇ ਭਾ ਦਾ,
ਰਾਹੂ ਕੇਤੂ ਮੰਗਲ ਹੈ।

ਯਾਦ ਤਿਰੀ ਵਿੱਚ ਤੇਰੇ ਪਿਆਰੇ,
ਸਹਿੰਦੇ ਵਾਰ ਕੁਹਾੜੀ ਦਾ।
ਹੇ ਗੁਰੂ ਨਾਨਕ! ਪਹੁੰਚ ਅਚਾਨਕ,
ਰਾਖਾ ਹੋ ਫੁਲਵਾੜੀ ਦਾ।

ਪਿਆਰਾ ਗੁਰੂ ਨਾਨਕ

-ਵਿਧਾਤਾ ਸਿੰਘ ਤੀਰ

ਤੇਰਾ ਰੂਪ ਹੈ ਰੱਬ ਦਾ ਰੂਪ ਨਾਨਕ
ਤੇਰਾ ਦਿਲ ਹੈ ਸਦਾ ਨਿਰੰਕਾਰ ਅੰਦਰ।

ਕਾਗੋਂ ਹੰਸ ਹੋਵੇ ਉੱਚੀ ਵੰਸ ਵਾਲਾ,
ਇਹ ਹੈ ਪ੍ਰਭਤਾ ਤੇਰੇ ਦਰਬਾਰ ਅੰਦਰ।

ਬਣ ਕੇ ਵੈਦ ਜੇ ਦਏਂ ਹਰ ਨਾਮ ਚੁਟਕੀ,
ਨਵੀਂ ਫੂਕ ਦਏਂ ਰੂਹ ਬੀਮਾਰ ਅੰਦਰ।

ਛੱਲ ਵੱਲ ਸਾਰੇ ਪਲ ਵਿੱਚ ਕੱਢੇਂ,
ਮੇਟੇਂ ਕੱਲ ਦੀ ਕੱਲ ਪਲਕਾਰ ਅੰਦਰ।

ਮਿੱਠਾ ਰਾਗ ਹੈ ਤੇਰੀ ਰਬਾਬ ਅੰਦਰ,
ਪ੍ਰੇਮ ਰੱਸ ਹੈ ਸਤ ਕਰਤਾਰ ਅੰਦਰ।

ਵਿੱਕ ਜਾਏਂ ਤੂੰ ਕਿਸੇ ਦੇ ਪਯਾਰ ਉੱਤੋਂ,
ਪਹੁੰਚੇ ਪਲ ਵਿੱਚ ਕਾਬਲ ਕੰਧਾਰ ਅੰਦਰ।

ਵਲੀ ਪੀਰ ਫ਼ਕੀਰ ਤੇ ਸਾਧ ਜੋਗੀ,
ਸਿਫ਼ਤ ਨਹੀਂ ਇਹ ਕਿਸੇ ਅਵਤਾਰ ਅੰਦਰ।

ਸਭਸ ਵਾਸਤੇ ਨੂਰ ਵਰਸਾਣ ਵਾਲਾ,
ਤੇਰਾ ਮੁਖੜਾ ਹੈ ਸੰਸਾਰ ਅੰਦਰ।

ਮੈਂ ਜਾਣੂੰ ਅਨਜਾਣ

(ਬਾਬਾ ਨਾਨਕ ਜੀ ਦੀ ਵੇਲ)

-ਅਫ਼ਜ਼ਲ ਸਾਹਿਰ


ਮੈਂ ਜਾਣੂੰ ਅਨਜਾਣ ਵੇ ਲੋਕਾ
ਮੈਂ ਜਾਣੂ ਅਨਜਾਣ
ਧਰਤ ਘੜੋਲੀ ਸਿਰ 'ਤੇ ਕਾਇਮ
ਪੈਰਾਂ ਹੇਠ ਅਸਮਾਨ
ਵੇ ਲੋਕਾ! ਮੈਂ ਜਾਣੂੰ ਅਨਜਾਣ
ਸਾਰੇ ਦੇਹੰ ਦੀ ਕਾਰ ਉਸਾਰੀ
ਰਾਤੀ ਕੀਤਮ ਢਾਨ
ਵੇ ਲੋਕਾ! ਮੈਂ ਜਾਣੂੰ ਅਨਜਾਣ
ਮਨਸ, ਪੱਖੀ, ਰੁੱਖ, ਢੋਰ ਸਭੋ ਈ
ਜੂਨੋ ਜੂਨ ਸਮਾਨ
ਵੇ ਲੋਕਾ! ਮੈਂ ਜਾਣੂੰ ਅਨਜਾਣ
ਕੁਲ ਖੁਦਾਈ, ਜੋ, ਹੈ "ਉਹ" ਹੈ
ਮੇਰੀ ਜਿੰਦ ਨਿਸ਼ਾਨ
ਵੇ ਲੋਕਾ! ਮੈਂ ਜਾਣੂੰ ਅਨਜਾਣ
ਮੇਰੇ ਸਾਹ ਦੇ ਸ਼ੌਹ ਦਰਿਆਈ
ਮੌਤ ਕਰੇ ਇਸ਼ਨਾਨ
ਵੇ ਲੋਕਾ! ਮੈਂ ਜਾਣੂੰ ਅਨਜਾਣ
ਨਾ ਅੱਲ੍ਹਾ, ਨਾ ਰਾਮ ਕਹਾਣੀ
ਕੁਦਰਤ ਵਿੱਚ ਧਿਆਨ
ਵੇ ਲੋਕਾ! ਮੈਂ ਜਾਣੂੰ ਅਨਜਾਣ।

9815123900

ਬਾਕੀ ਅਗਲੇ ਅੰਕ 'ਚ

****

ਵਿਅੰਗ ਚੌਕੇ



ਪ੍ਰੋ: ਜਸਵੰਤ ਸਿੰਘ ਕੈਲਵੀ

ਵਾੜ ਵਿੱਸ ਦੀ

ਉੱਚਾ ਚੜ੍ਹ ਚੁਫੇਰੇ ਮੈਂ ਨਿੱਤ ਵੇਖਾਂ:
ਮੈਨੂੰ ਕਿਤੇ ਜਮਹੂਰੀਅਤ ਨਹੀਂ ਦਿੱਸਦੀ।
ਰਾਜਨੀਤੀ ਏ, ਅਫਸਰ ਸ਼ਾਹ ਲੁੱਟ ਰਹੇ,
ਏਥੇ ਚੱਲਦੀ ਭਲਾ ਹੈ ਪੇਸ਼ ਕਿਸਦੀ?
ਲੋਕਤੰਤਰ ਨਹੀਂ ਹੁਣ ਹੈ ਵੋਟ ਤੰਤਰ,
ਝੂਠ ਚੱਕੀ 'ਚ ਜਨਤਾ ਹੈ ਨਿੱਤ ਪਿੱਸਦੀ।
ਲੁੱਟਤੰਤਰ ਦਾ ਹੋਇਆ ਪਾਸਾਰ ਥਾਂ ਥਾਂ,
ਲੱਗੀ ਕੈਲਵੀ ਗਿਰਦ ਹੈ ਵਾੜ, ਵਿੱਸਦੀ।

----- 0 -----

ਸਾਡੀ ਸੇਵਾ ਲਈ-ਚੋਣਾਂ

ਸਾਡੀ ਸੇਵਾ ਲਈ ਚੋਣਾਂ ਲੜਨ ਲੀਡਰ,
ਕਿੰਨੇ ਕਸ਼ਟ ਇਹ ਸਿਰ ਤੇ ਸਹਾਰਦੇ ਨੇ।
ਮਿਹਨਤ ਨਾਲ ਕਮਾਇਆ ਧਨ ਅਪਣਾ,
ਪਾਈ ਪਾਈ ਇਹ ਸਾਡੇ ਤੋਂ ਵਾਰਦੇ ਨੇ।
ਹਰਲ ਹਰਲ ਕਰਦੇ ਪਿੰਡ ਪਿੰਡ ਫਿਰਦੇ,
ਨੀਂਦ ਰਹਿਤ ਇਹ ਰਾਤਾਂ ਗੁਜ਼ਾਰਦੇ ਨੇ।
ਜਦੋਂ ਕੈਲਵੀ ਕੁਰਸੀ ਤੇ ਸੱਜ ਜਾਂਦੇ,
ਆਪ ਮਾਲ ਛਕਦੇ, ਸਾਨੂੰ ਚਾਰਦੇ ਨੇ।

----- 0 -----

ਉਲਾਹਮਾ ਬਿਜਲੀ ਨੂੰ

ਪਵੇ ਬਿਜਲੀ ਤੇਰੇ ਤੇ, ਬਿਜਲੀਏ ਨੀਂ,
ਸਾਡਾ ਖੂਨ ਤੂੰ ਨਿੱਤ ਸੁਕਾ ਰਹੀ ਏਂ।
ਸਾਡੇ ਜੀਵਨ 'ਚੋਂ ਲਿਸ਼ਕ ਨੂੰ ਕਰ ਚੋਰੀ,
ਮੂੰਹ ਆਪਣਾ ਤੂੰ, ਲਿਸ਼ਕਾ ਰਹੀ ਏਂ।
ਮਨਮਰਜ਼ੀ ਨਾਲ ਤੂੰ ਦਏਂ ਦਰਸ਼ਨ,
ਕਦੇ ਆ ਰਹੀ ਏਂ, ਕਦੇ ਜਾ ਰਹੀ ਏਂ।
ਬਾਂਦੀ, ਕੈਲਵੀ ਹਾਕਮਾਂ ਦੀ ਬਣਕੇ,
ਸਾਡੇ ਜੀਵਨ 'ਚ ਨੇਰ੍ਹ ਵਿਛਾ ਰਹੀ ਏਂ।

----- 0 -----

ਸਵਾਲ ਪੁੱਛੋ

ਹੱਕ ਤੁਸਾਂ ਦੇ ਜਿਹੜਾ ਲਿਤਾੜਦਾ ਏ,
ਉਹਨੂੰ ਘੇਰੋ, ਤੇ ਉਹਨੂੰ ਸਵਾਲ ਪੁੱਛੋ।
ਕਿੱਥੇ ਲੁਕਿਆ ਰਿਹਾ ਤੂੰ ਦਿਨ ਏਨੇ?
ਕੀ ਕੀਤੀ ਊ ਸੇਵਾ ਜਾਂ ਘਾਲ? ਪੁੱਛੋ!
ਵੋਟਾਂ ਲੈਣ ਮੂੰਹ ਚੁੱਕ ਕੇ ਆ ਗਿਆ ਏ,
ਬਦਲ ਪਾਰਟੀ, ਛਕ ਕੇ ਮਾਲ, ਪੁੱਛੋ!
ਪੁੱਛੋ ਕੈਲਵੀ! ਪੁੱਛਣ ਦਾ ਹੁਣ ਵੇਲਾ,
ਸਾਡਾ ਹੋਇਆ ਕਿਉਂ ਮੰਦੜਾ ਹਾਲ? ਪੁੱਛੋ!

----- 0 -----

ਅੰਧ ਵਿਸ਼ਵਾਸ਼/ਘਚੋਲਾ

ਰੱਤੀ ਭਰ ਨਾ ਕਾਲਖ ਦੂਰ ਹੋਈ,
ਸਾਬਣ ਲਾ-ਲਾ ਧੋਂਦੇ ਰਹੇ ਕੋਲਿਆਂ ਨੂੰ।
ਹਰ ਪਾਸੇ ਹੈ ਚੀਕ ਪੁਕਾਰ ਮੱਚੀ,
ਦਿੱਸਦਾ ਸੁਣਦਾ ਨਹੀਂ ਅੰਨ੍ਹਿਆ ਬੋਲਿਆਂ ਨੂੰ।
ਮਾਇਆ ਮਿਲੀ ਨਾ ਸਾਨੂੰ ਰਾਮ ਮਿਲਿਆ!
ਮੱਥਾ ਟੇਕਿਆ ਚਮਕਦੇ ਚੋਲਿਆਂ ਨੂੰ।
ਕਿਸਮਤ, ਕੈਲਵੀ ਆਪਣੀ ਆਪ ਘੜੀਏ,
ਛੱਡ ਅੰਧ ਵਿਸ਼ਵਾਸ਼/ਘਚੋਲਿਆਂ ਨੂੰ।

----- 0 -----

ਗੁਰੂ ਨਾਨਕ ਨੂੰ

ਮਹਿੰਦਰ ਸਿੰਘ ਮਾਨ

ਗੁਰੂ ਨਾਨਕ ਜੀ,ਤੂੰ ਕੌਡੇ ਰਾਖਸ਼ ਨੂੰ
ਸੱਚ ਦਾ ਮਾਰਗ ਦਰਸਾਇਆ ਸੀ।
ਸੱਜਣ ਠੱਗ ਨੂੰ ਵੀ ਕਿਰਤ ਕਰਨਾ
ਤੇ ਵੰਡ ਛਕਣਾ ਸਿਖਾਇਆ ਸੀ।
ਪਰ ਤੇਰੇ ਜਾਣ ਪਿੱਛੋਂ ਗੁਰੂ ਜੀ,
ਬੜਾ ਕੁਝ ਬਦਲ ਗਿਆ ਹੈ ਇੱਥੇ।
ਹੱਕ ਦੀ ਖਾਣ ਵਾਲਿਆਂ ਨੂੰ
ਮਾਲਕ ਭਾਗੋ ਝੁਕਾ ਰਿਹਾ ਆਪਣੇ ਅੱਗੇ।
ਮੁੜ ਫਿਰ ਰਾਜਿਆਂ ਦੀਆਂ
ਜਨਮ ਦਾਤੀਆਂ ਦਾ ਅਪਮਾਨ ਹੋ ਰਿਹਾ।
ਉਨ੍ਹਾਂ ਦਾ ਅਪਮਾਨ ਰੋਕਣ ਲਈ
ਇੱਥੇ ਕੋਈ ਨਹੀਂ ਦਿਸ ਰਿਹਾ।
ਇਕ ਦੂਜੇ ਨੂੰ ਦੱਸਣ ਲਈ
ਨਾਮ ਤਾਂ ਬਥੇਰਾ ਜਪਿਆ ਜਾ ਰਿਹਾ।
ਪਰ ਨਿਮਰਤਾ,ਚੰਗਿਆਈ ਤੇ
ਸਦਾਚਾਰ ਨੂੰ ਭੁਲਾਇਆ ਜਾ ਰਿਹਾ।
ਵੱਖ ਵੱਖ ਧਰਮਾਂ ਵਾਲੇ
ਇਕ ਦੂਜੇ ਦੀ ਜਾਨ ਦੇ ਵੈਰੀ ਬਣ ਗਏ ਨੇ।
ਉਹ ਇਕ ਦੂਜੇ ਦੇ ਧਰਮ ਗ੍ਰੰਥਾਂ ਨੂੰ
ਟਿੱਚ ਸਮਝਣ ਲੱਗ ਪਏ ਨੇ।
ਜ਼ਾਲਮਾਂ,ਪਾਪੀਆਂ ਤੇ ਝੂਠਿਆਂ ਨੂੰ
ਸਿਰ ਤੇ ਚੁੱਕਿਆ ਜਾ ਰਿਹਾ।
ਰਹਿਮ-ਦਿਲਾਂ,ਈਮਾਨਦਾਰਾਂ ਤੇ ਸੱਚਿਆਂ ਨੂੰ
ਖੂੰਜੇ ਲਾਇਆ ਜਾ ਰਿਹਾ।
ਕਿਰਤ ਕਰੋ ਤੇ ਵੰਡ ਛਕੋ
ਦੇ ਸਿਧਾਂਤ ਹੋ ਗਏ ਬਹੁਤ ਪੁਰਾਣੇ।
ਗਰੀਬਾਂ ਨੂੰ ਲੁੱਟ ਕੇ
ਧਨ, ਦੌਲਤ ਕੱਠੀ ਕਰਨੀ ਜ਼ੋਰਾਵਰ ਜਾਣੇ।
ਤੇਰੇ ਦਰਸਾਏ ਰਸਤੇ ਤੇ
ਜੇ ਕਰ ਚੱਲਿਆ ਨਾ ਹੁਣ ਵੀ ਮਨੁੱਖ,
ਬਣੇਗੀ ਨਰਕ ਜ਼ਿੰਦਗੀ,
ਨਾ ਕੋਈ ਉਸ ਨੂੰ ਮਿਲਣਾ ਸੁੱਖ

*** 9915803554

ਬਾਬਾ ਨਾਨਕ

ਰਣਜੀਤ ਸਿੰਘ ਅਜ਼ਾਦ ਕਾਂਝਲਾ

ਘਰ ਘਰ 'ਚ ਬੋਲੇ ਬਾਬਾ ਨਾਨਕ ।
ਤੇਰਾਂ- ਤੇਰਾਂ ਤੋਲੇ ਬਾਬਾ ਨਾਨਕ ।
ਸੱਚਾ ਸੌਦਾ ਕਰ ਮਨ ਖੁਸ਼ ਹੋਇਆ ,
ਦਿਲੋਂ ਰਤਾ ਨਾ ਡੋਲੇ ਬਾਬਾ ਨਾਨਕ ।
ਦੁਨੀਆ ਘੁਮ ਫ਼ਿਰ ਖਲਕਤ ਵੇਖੀ ,
ਮੁਖੋਂ ਸੱਚ ਹੀ ਬੋਲੋ ਬਾਬਾ ਨਾਨਕ ।
ਤਰਕ ਨਾਲ ਸਮਝਾਉਦਾ ਆਇਆ ,
ਝੂਠ ਉਕਾ ਨਾ ਬੋਲੇ ਬਾਬਾ ਨਾਨਕ ।
ਭਰਮ ਵਹਿਮ ਦਾ ਨਸ਼ੇਰਾ ਦੂਰ ਕਰ ,
ਨਾਲ ਦਲੀਲ ਦੇ ਬੋਲੇ ਬਾਬਾ ਨਾਨਕ ।
ਹੈ ਭੈਣ ਨਾਨਕੀ ਦਾ ਵੀਰ ਪਿਆਰਾ ,
ਭੇਦ ਮਨ ਦਾ ਖੋਲ੍ਹੇ ਬਾਬਾ ਨਾਨਕ
ਮੱਝਾਂ ਚਰਾਉਣ ਪਸ਼ੂ ਜਾ ਪੈਲੀ ਵੜੇ ,
ਉੱਚ ਨੀਵ ਨਾ ਬੋਲੇ ਬਾਬਾ ਨਾਨਕ ।
ਚੰਗਿਆਂ ਨੂੰ ਉਜਾੜਦਾ ਆਇਆ ਹੈ ,
ਮੰਦਿਆਂ ਦੇ ਭੇਤ ਖੋਲ੍ਹੇ ਬਾਬਾ ਨਾਨਕ ।
ਅੱਖੀਂ ਤੱਕਣ ਤੇ ਭੁਲੇਖਾ ਪੈ ਜਾਵੇ ,
ਬੰਦ ਨੈਣਾਂ ਨੂੰ ਖੋਲ੍ਹੇ ਬਾਬਾ ਨਾਨਕ ।
ਖੁਸ਼ ਹੋ ਹੋ ਮੁਲਾਂ ਪਏ ਕਹਿ□□ਦ/ ਦੋ// ,
ਪੈਰ ਟਿਕਾਉਂਦਾ ਪੋਲੇ ਬਾਬਾ ਨਾਨਕ ।
ਬਾਈ ਸਾਲ ਲੋਕਾਈ ਦੇ ਲੇਖੇ ਲਾ ,
ਫ਼ਿਰ ਵੀ ਕੁਝ ਨਾ ਬੋਲੇ ਬਾਬਾ ਨਾਨਕ ।
'ਆਜ਼ਾਦ' ਸੱਚ ਤੇ ਪਹਿਰਾ ਦੇ ਕੇ ,
ਸੱਚ ਹਮੇਸ਼ਾ ਬੋਲੇ ਬਾਬਾ ਨਾਨਕ।

09464697781

***

ਪਿਆਰੇ ਹਰਨੇਕ

ਅੱਜ 9 ਜੂਨ, 2019 ਨੂੰ Mutual Understanding Committe (Est. in 1974) ਜਿਸ ਦਾ ਤੂੰ ਬਾਨੀ ਮੈਂਬਰ ਹੈਂ, ਤੇਰੇ ਪੰਜ ਭੂਤਕ ਸਰੀਰ ਦੇ ਤੱਤਾਂ ਵਿੱਚ ਵਲੀਨ ਹੋਣ ਅਤੇ ਆਤਮ ਸਰੂਪ ਦੇ ਬ੍ਰਹਮਲੀਨ ਹੋਣ ਤੇ ਸ਼ਰਧਾਂਜਲੀ ਦੇਣ ਵੇਲੇ ਅਸੀਂ ਅਜੀਬੋ-ਗਰੀਬ ਜਿਹੀਆਂ ਭਾਵਨਾਵਾਂ ਦੀ ਲਪੇਟ ਵਿੱਚ ਹਾਂ, ਜਿਹੜੀਆਂ ਬੇਸ਼ੁਮਾਰ ਹੋਣ ਕਾਰਨ ਅਕੱਥ ਜਾਪਦੀਆਂ ਨੇ। ਕਿਉਂਕਿ ਤੂੰ ਤਾਂ ਸਾਥੋਂ ਵੱਖ ਹੋ ਹੀ ਨਹੀਂ ਸਕਦਾ। ਤੂੰ ਸਾਡੀ ਸਾਹ-ਰਗ ਤੋਂ ਨੇੜੇ ਹੈਂ ਤੇ ਸਾਡੇ ਰੋਮ-ਰੋਮ 'ਚ ਰਮਿਆਂ ਹੈ। ਫਿਰ ਵੀ ਅਸੀਂ ਤੇਰੇ ਤੋਂ ਮਿਲੇ ਸ਼ਬਦ ਤੈਨੂੰ ਹੀ ਭੇਂਟ ਕਾਰਨ ਦਾ ਯਤਨ ਕਰਦੇ ਹਾਂ:

ਤੈਨੂੰ "ਨਾ ਕੋ ਵੈਰੀ ਨਹੀਂ ਬਿਗਾਨਾ"
ਸਾਥੀ ਤੂੰ ਮਸੀਹਾ ਵਰਗਾ।
ਇੱਕ ਬਾਬਲ ਦੇ ਪੁੱਤਾਂ ਵਰਗਾ,
ਇੱਕ ਅੰਮੜੀ ਦੀਆਂ ਧੀਆਂ ਵਰਗਾ।
ਇੱਕ ਕਿਆਰੀ ਦੇ ਫੁੱਲਾਂ ਵਰਗਾ।
ਇੱਕ ਟੱਬਰ ਦੇ ਜੀਆਂ ਵਰਗਾ।
ਤੇਰੇ ਪਾਸੋਂ ਸ਼ਾਂਤੀ ਮਿਲਦੀ,
ਤੂੰ ਜੇਠ 'ਚ ਵਰਸੇ ਮੀਹਾਂ ਵਰਗਾ।
ਤੇਰੇ ਕੋਲੋ ਦੁੱਖ ਸੁੱਖ ਫੋਲੇ,
ਤੂੰ ਇੱਕ-ਮਿੱਕ ਹੋਈਆਂ ਰੂਹਾਂ ਵਰਗਾ।
ਸੱਚੀ ਤੇਰੀ ਸੰਗਤ ਦੇ ਵਿੱਚ ਰਹਿਕੇ,
"ਸਾਡਾ" ਹਰ ਪਲ ਲੰਘਿਆ "ਤੀਆਂ" ਵਰਗਾ।

ਜਸਪਾਲ ਸਿੰਘ 'ਕੰਵਲ'




ਅਲਵਿਦਾ ਲੈਕ. ਹਰਨੇਕ ਸਿੰਘ ਸਾਗੀ

ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ ਵਲੋਂ ਦਿੱਤੇ ਸ਼ੋਕ ਸੁਨੇਹਾ ਰਾਹੀਂ ਲੈਕ ਹਰਨੇਕ ਸਿੰਘ ਸਾਗੀ ਜੋ ਕਿ 4 ਜੂਨ, 2019 ਨੂੰ ਹਮੇਸ਼ਾ ਲਈ ਸਾਥੋਂ ਵਿਛੜ ਗਏ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ। ਹਰਨੇਕ ਸਿੰਘ ਕਿਸੇ ਨਾ ਕਿਸੇ ਤਰੀਕੇ ਨਾਲ ਅਦਾਰੇ ਨਾਲ ਜੁੜੇ ਰਹੇ। ਬਹੁਤ ਹੀ ਮਿਲਣਸਾਰ ਤੇ ਯਾਰਾਂ ਦੇ ਯਾਰ ਸਨ। ਉਨ੍ਹਾਂ ਦੇ ਸਦੀਵੀ ਵਿਛੋੜੇ ਦਾ ਘਾਟਾ ਕਦੀ ਪੂਰਾ ਨਹੀਂ ਹੋ ਸਕੇਗਾ। ਵਾਹਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਰਿਵਾਰ, ਦੋਸਤਾਂ, ਰਿਸ਼ਤੇਦਾਰਾਂ ਨੂੰ ਭਾਦਾ ਮੰਨਣ ਦਾ ਬਲ ਬਖਸ਼ੇ।

ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ

550 ਵਾਂ ਪ੍ਰਕਾਸ਼ ਪੁਰਬ ਰਹੇ ਮਨਾ



ਪ੍ਰਿੰ: ਨਸੀਬ ਸਿੰਘ 'ਸੇਵਕ'

550 ਵਾਂ ਪ੍ਰਕਾਸ਼ ਪੁਰਬ ਸ਼ਰਧਾ ਸਤਿਕਾਰ ਨਾਲ ਮਨਾ ਰਹੇ ਹਾਂ।
ਬਾਬੇ ਨਾਨਕ ਦਾ ਸੰਦੇਸ਼ ਦੁਨੀਆਂ ਦੇ ਕੋਨੇ-ਕੋਨੇ ਪੁਚਾ ਰਹੇ ਹਾਂ।
ਉਹ ਸੰਦੇਸ਼ ਕਿਹੜਾ ਹੈ, ਅਫਸੋਸ ਬਹੁਤਿਆਂ ਨੂੰ ਪਤਾ ਹੀ ਨਹੀਂ।
ਬਸ ਸਭ ਰੀਸ ਦੀ ਘੜੀਸ ਧੂੜ 'ਚ ਹੀ ਭੱਬੂ ਉਡਾ ਰਹੇ ਹਾਂ
ਬਹੁਤੇ ਤਾਂ ਆਪੇ ਨੂੰ ਸਚੇ ਸਿੱਖ ਅਖਵਾਉਂਦੇ ਨੇ ਤੇਰੇ ਸਿੱਖ।
ਪਰ ਬਹੁਤੀਆਂ ਬਿਪਰਵਾਦੀਆਂ ਰੀਤਾਂ ਨੂੰ ਹੀ ਅਪਣਾ ਰਹੇ ਹਾਂ।
ਜਿਸ ਚਿਕੜ ਤੋਂ ਬਾਹਰ ਕਢਿਆਂ ਸੀ ਤੂੰ ਬਾਬਾ ਨਾਨਕ ਜੀ।
ਮੁੜ ਉਸੀ 'ਚ ਅਸੀਂ ਬਿਨ ਸੋਚੇ ਸਮਝੇ ਧਸਦੇ ਜਾ ਰਹੇ ਹਾਂ।
ਕੀ ਕੀ ਦਸਾਂ ਤੇਰੇ ਸਿੱਖਾਂ ਦੀ ਕੀ ਉਲਟ ਫੇਰ ਕਰ ਰਹੇ ਨੇ।
ਤੇਰੇ ਨਾਮ ਦੀ ਆੜ ਲੈ ਕੇ ਇਕ ਤੋਂ ਇਕ ਕੁਕਰਮ ਅਪਣਾ ਰਹੇ ਹਾਂ।
'ਏਕੋ ਹੈ ਭਾਈ ਏਕੋ ਹੈ' ਦਾ ਨਾਹਰਾ ਬੁਲੰਦ ਕੀਤਾ ਸੀ ਤੁਸੀਂ ਬਾਬਾ
ਅਸੀਂ ਤਾਂ ਚੜ੍ਹਦੇ ਸੂਰਜ ਨਿੱਤ ਨਵੇਂ ਹੀ ਗੁਰੂ ਬਣਾ ਰਹੇ ਹਾਂ।
ਸਿੱਖ ਕੌਮ ਨੂੰ ਮੂਰਤੀ ਪੂਜਾ ਤੋਂ ਤਾਂ ਸ਼ਰੇਆਮ ਬਰਜਿਆ ਸੀ।
ਪਰ ਕਿਸੇ ਨਾ ਕਿਸੇ ਰੂਪ 'ਚ ਅਸੀਂ ਇਹੀ ਰੂਪ ਹੰਢਾ ਰਹੇ ਹਾਂ।
ਮੜ੍ਹੀ ਮਸਾਣ ਆਦਿ ਤੋਂ ਵੀ ਦੂਰ ਰਹਿਣ ਦਾ ਸੰਦੇਸ਼ ਦਿਤਾ ਸੀ।
ਪਰ ਅਸੀਂ ਤਾਂ ਮੜ੍ਹੀਆਂ 'ਚ ਹੀ ਅਖੰਡ ਪਾਠ ਕਰਵਾ ਰਹੇ ਹਾਂ।
ਇਸਤਰੀ ਨੂੰ ਬੜਾ ਵੱਡਾ ਦਰਜਾ ਦਿੱਤਾ ਸੀ ਤੂੰ ਬਾਬਾ ਨਾਨਕ।
ਪਰ ਉਲਟ ਅਸੀਂ ਤਾਂ ਉਸਨੂੰ ਜੰਮਣ ਤੋਂ ਪਹਿਲਾਂ ਹੀ ਮਰਵਾ ਰਹੇ ਹਾਂ।
ਤੂੰ ਨੀਚਾਂ ਅੰਦਰ ਨੀਚ ਦੀ ਗੱਲ ਆਖੀ ਸੀ ਆਪਣੀ ਬਾਣੀ 'ਚ।
ਪਰ ਅਸੀਂ ਤਾਂ ਗੁਰਦੁਆਰੇ ਵੀ ਜਾਤ ਅਧਾਰਤ ਬਣਾ ਰਹੇ ਹਾਂ।
ਘਰ-ਘਰ ਅੰਦਰ ਧਰਮ ਸਾਲ ਹੈਂ 'ਚ ਕੀਰਤਨ ਦਾ ਹੁਕਮ ਦਿੱਤਾ ਸੀ
ਅਸੀਂ ਤਾਂ ਅਲੀਸ਼ਾਨ ਮੰਦਰ ਬਣਾ ਕੇ ਵਿੱਚ ਗੋਲਕਾਂ ਰਖਵਾ ਰਹੇ ਹਾਂ।
ਪਿੱਤਰਾਂ ਨੂੰ ਪੂਜਣ ਦੇ ਫੋਕੇ ਭਰਮ ਨੂੰ ਤੂੰ ਸ਼ਰੇਆਮ ਨਿੰਦਿਆ ਸੀ।
ਪਰ ਅਸੀਂ ਤਾਂ ਮੱਟੀਆਂ ਜਠੇਰਿਆਂ ਦੇ ਅੱਜ ਵੀ ਮਿੱਟੀ ਕਢਵਾ ਰਹੇ ਹਾਂ।
ਦਰ ਦਰ ਤੇ ਭਟਕਦੇ ਫਿਰਦੇ ਤੇਰੇ ਸਚੇ ਸਿੱਖ ਅਖਵਾਉਣ ਵਾਲੇ
ਮੰਨਦੇ ਨਹੀਂ ਨਸੀਬ ਕਲੌੜੀਏ ਨੂੰ ਲਗਾਤਾਰ ਸਮਝਾ ਰਹੇ ਹਾਂ।

9465216530

****

Registration No. R.N.I. CHAPUN/2010/33423, P.O. REGD. No CHD/144/2017-19 Posted at M.B.U. CHD

ਸ੍ਰੀ ਗੁਰੂ ਨਾਨਕ ਦੇਵ ਜੀ



ਸਰਦਾਰ ਪੰਛੀ

ਨਾਨਕ ਨਾਮ ਹੈ ਸ਼ਬਨਮ ਜੈਸਾ ਖ਼ੁਸ਼ਬੂਦਾਰ ਹਵਾ ਕਾ ਨਾਮ।
ਸਾਂਸ ਕੇ ਸਾਥ ਜੋ ਦਿਲ ਮੇਂ ਉਤਰੇ ਉਸ ਰੰਗੀਨ ਸਬਾ ਕਾ ਨਾਮ।
ਉਸ ਕੀ ਆਂਖੇਂ ਚਾਂਦ ਸਿਤਾਰੋਂ ਕੋ ਰੋਸ਼ਨ ਕਰ ਦੇਤੀ ਥੀਂ,
ਜਿਹ ਰੌਸ਼ਨ ਸੂਰਜ ਭੀ ਤੋਂ ਹੈ ਉਸ ਕੇ ਨਕਸ਼-ਏ-ਪਾ ਕਾ ਨਾਮ।
ਸਾਤ ਸੁਰੋਂ ਕੇ ਜਾਦੂਗਰ ਦਾ ਜਾਦੂ ਅਬ ਭੀ ਚਲਤਾ ਹੈ,
ਜਬ ਤਕ ਮੌਸ਼ੀਕੀ ਹੈ ਜ਼ਿੰਦਾ, ਜ਼ਿੰਦਾ ਮਰਦਾਨਾ ਕਾ ਨਾਮ।
ਨਾਮ ਤ੍ਰਿਪਤਾ ਰਖ ਲੋ ਭਾਈ ਅਪਨੀ ਅਪਨੀ ਬੇਟੀ ਕਾ,
ਉਸੇ ਬੁਲਾਓਗੇ ਤੋ ਲੋ ਗੇ ਤੁਮ ਮਾਤਾ ਤ੍ਰਿਪਤਾ ਕਾ ਨਾਮ।
ਵਲੀ ਕੰਧਾਰੀ ਛੋਡ ਤਕੱਬੁਰ ਨੀਚੇ ਉਤਰਾ ਪਰਬਤ ਸੇ,
ਦੋਨੋਂ ਹਾਥ ਉਠਾ ਕਰ ਬੋਲਾ ਨਾਨਕ ਨਾਮ ਖ਼ੁਦਾ ਕਾ ਨਾਮ।
ਹਿੰਦੂ ਮੁਸਲਿਮ ਦੋ ਪਹਿਲੂ ਹੈਂ ਨਾਨਕ ਸ਼ਾਹ ਸਿੱਕੇ ਕੇ,
ਏਕ ਤਰਫ਼ 'ਮਰਦਾਨਾ' ਕਾ ਹੈ ਏਕ ਤਰਫ਼ ਬਾਲਾ ਕਾ ਨਾਮ।
ਇਸ ਦਰ ਪਰ ਸਜਦਾ ਕਰਕੇ ਮੈਂ ਖ਼ੁਸ਼ ਕ਼ਿਸਮਤ ਹੋ ਜਾਤਾ ਹੂੰ,
ਇਸ ਦਰ ਸੇ ਮਹਿਰੂਮੀ ਤੋਂ ਹੈ 'ਪੰਛੀ' ਏਕ ਸਜ਼ਾ ਕਾ ਨਾਮ।

1. ਸ਼ਬਨਮ=ਤ੍ਰੇਲ 2. ਰੰਗੀਨ ਸਬਾ=ਰੰਗੀਲੀ ਸਵੇਰ 3.ਨਕਸ਼-ਏ-ਪਾ=ਪੈੜ 4. ਮੌਸੀਕ਼ੀ= ਸੰਗੀਤ 5. ਤਕੱਬੁਰ=ਹੰਕਾਰ 6. ਸਜਦਾ=ਮੱਥਾ ਟੇਕਣਾ 7. ਮਹਿਰੂਮੀ=ਵੰਚਿਤ ਹੋਣਾ

9417091668

****

ਸਾਂਝਾ ਰਹਿਬਰ



ਹਰਬੰਸ ਸਿੰਘ 'ਸ਼ਾਨ'

ਮਹਿਤਾ ਕਾਲੂ ਦਾ ਲਾਡਲਾ, ਜਾਇਆ ਤ੍ਰਿਪਤਾ ਮਾਈ ਦਾ।
ਗੁਰੂ ਬਾਬਾ ਨਾਨਕ ਸਾਂਝਾ ਰਹਿਬਰ ਕੁੱਲ ਲੋਕਾਈ ਦਾ।

ਹਿੰਦੂ, ਸਿੱਖ ਗੁਰੂ ਮੰਨਦੇ ਉਸਨੂੰ ਬੋਬੀ ਆਖਣ ਲਾਬਾ।
ਮੋਮਨ ਕਹਿਕੇ ਪੀਰ ਪੈਗੰਬਰ ਝੁੱਕ-ਝੁੱਕ ਕਰਨ ਸਲਾਮਾ।
ਘਰ ਘਰ ਲੋਕੀਂ ਗੁਣ ਗਾਉਂਦੇ ਉਸ ਦੀ ਵਡਿਆਈ ਦਾ।
ਗੁਰੂ ਬਾਬਾ ਨਾਨਕ ....
ਕੌਡਾ ਭੀਲ, ਭੂਮੀਆ ਡਾਕੂ ਸੋਧਿਆ ਵਲੀ ਕੰਧਾਰੀ।
ਸੱਜਣ ਠੱਗ ਤੇ ਨੂਰਸ਼ਾਹ ਦੀ ਸੀ ਵਿਗੜੀ ਜੂਨ ਸੰਵਾਰੀ।
ਭਾਗੋ ਨੂੰ ਸਮਝਾਇਆ ਹੱਕ ਹਲਾਲ ਦਾ ਖਾਈਦਾ।
ਗੁਰੂ ਬਾਬਾ ਨਾਨਕ ....
ਰੁਕਨਦੀਨ ਸੁਣ ਅੰਮ੍ਰਿਤ ਬਾਣੀ ਹੋਇਆ ਮਸਤ ਦੀਵਾਨਾ।
ਵਿੱਚ ਪੈੜ ਦੇ ਪੈਰ ਸੀ ਧਰਦੇ ਲਾਲੋ ਤੇ ਮਰਦਾਨਾ।
ਤਾਹੀਉਂ ਮਾਣ ਬਖਸ਼ਿਆ ਸੀ ਉਨ੍ਹਾਂ ਨੂੰ ਭਾਈ ਦਾ।
ਗੁਰੂ ਬਾਬਾ ਨਾਨਕ ....
ਵਹਿਮਾਂ ਭਰਮਾਂ, ਕਰਮਕਾਂਡਾਂ ਦੇ ਛੱਕੇ ਸੀ ਛੁਡਵਾਏ।
ਕਾਜ਼ੀ, ਪਾਂਡੇ ਰੜਕਦੇ ਨਹੀਂ ਸੀ ਭੋਰਾ ਅੱਖ ਵਿੱਚ ਪਾਏ।
ਸਭ ਨੇ ਲੋਹਾ ਮੰਨਿਆ ਉਸ ਦੀ ਵੱਡੀ ਕਮਾਈ ਦਾ।
ਗੁਰੂ ਬਾਬਾ ਨਾਨਕ ....
ਉਸ ਦੇ ਵਰਗਾ ਹੋਇਆ ਨਾ ਕੋਈ ਹੋਣਾ ਧਰਮ ਵਿਗਿਆਨੀ।
"ਸ਼ਾਨ" ਕਹੇ ਉਹਦੇ ਫਲਸਫ਼ੇ ਵਿੱਚੋਂ ਮਿਲਦਾ ਗਿਆਨ ਲਾਸਾਨੀ।
ਪੜ੍ਹ, ਸੁਣ, ਸੋਚ, ਵਿਚਾਰ ਕੇ ਜਦ ਬਾਣੀ ਨੂੰ ਗਾਈਦਾ।
ਗੁਰੂ ਬਾਬਾ ਨਾਨਕ ....

9878573068

****

IF UN-DELIVERED PLEASE RETURN TO:- BHAI DIT SINGH PATRIKA, # 712 APC, KAJHERI, CHANDIGARH - 160036